
ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਰਚਨਾਵਲੀ-ਭਾਗ ਪੰਦਰ੍ਹਵਾਂ



ਸੰਪਾਦਕ ਅਤੇ ਪ੍ਰਕਾਸ਼ਕ

ਪ੍ਰੀਤਮ ਸਿੰਘ ਐਮ. ਏ.

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ - ਭਾਗ ਪੰਦਰ੍ਹਵਾਂ

Panth Rattan Bhai Ditt Singh Gyani Rachnavali - Bhag Pandrvan

© ਸੰਪਾਦਕ ਅਤੇ ਪ੍ਰਕਾਸ਼ਕ :

ਪ੍ਰੀਤਮ ਸਿੰਘ ਐਮ.ਏ.

(ਅਰਥ ਸ਼ਾਸਤਰ ਅਤੇ ਲੋਕ ਪ੍ਰਸ਼ਾਸਨ)
ਜੌਇੰਟ ਡਾਇਰੈਕਟਰ (ਰਿਟਾ:)

ਪਤਾ:-

ਮਕਾਨ ਨੰ: ੪੧੯, ਸੈਕਟਰ ੬੪,

ਐਸ.ਏ.ਐਸ. ਨਗਰ (ਮੋਹਾਲੀ)
ਜ਼ਿਲ੍ਹਾ : ਐਸ.ਏ.ਐਸ. ਨਗਰ (ਮੋਹਾਲੀ) (ਪੰਜਾਬ) -੧੬੦੦੬੨
ਫੋਨ : ੦੧੭੨-੨੨੧੨੦੨੦
ਮੋਬਾਈਲ : ੦੯੪੧੭੪੬੧੯੨੫

ਪਹਿਲੀ ਵਾਰ : ੫੦੦ ਕਾਪੀ

ਸੰਨ : ਸਤੰਬਰ, ੨੦੧੧ ਈ:

ਕੀਮਤ : ਮੁਫ਼ਤ ਵੰਡ

ਛਾਪਕ : ਮੈਜਿਸਟਿਕ ਪ੍ਰਿੰਟਿੰਗ ਪ੍ਰੈਸ, ਫੇਜ਼ 7, ਮੋਹਾਲੀ

ਲੇਖਕ ਪ੍ਰੀਤਮ ਸਿੰਘ ਐਮ. ਏ. ਦੀਆਂ ਰਚਨਾਵਾਂ

੧. ਸੱਚੋ ਸੱਚ ਸੁਣੋ ਦੇਖੋ ਬੋਲੋ (ਲੇਖਕ ਅਤੇ ਪ੍ਰਕਾਸ਼ਕ) (ਨਵੰਬਰ, ੨੦੦੦ ਈ:)

੨. ਦਲਿਤ ਰਤਨਾਂ ਦੀ ਮਾਲਾ (ਲੇਖਕ ਅਤੇ ਪ੍ਰਕਾਸ਼ਕ) (ਫ਼ਰਵਰੀ, ੨੦੦੨ ਈ:)

੩. ਦਲਿਤ ਸਿੱਖ ਪੰਥ ਦੇ ਰਾਖੇ (ਲੇਖਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੩ ਈ:)

੪. ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਰਚਨਾ- ਪੈਂਤੀ ਅੱਖਰ (ਸੰਪਾਦਕ ਤੇ ਪ੍ਰਕਾਸ਼ਕ) (ਸਤੰਬਰ, ੨੦੦੩ ਈ:)

੫. ਅਣਖੀ ਦਲਿਤ ਰਤਨ (ਲੇਖਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੪ ਈ:)

੬. ਸੌ ਸਵਾਲ-ਜਵਾਬ (ਲੇਖਕ ਅਤੇ ਪ੍ਰਕਾਸ਼ਕ) (ਜੁਲਾਈ, ੨੦੦੪ ਈ:)

੭. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਪਹਿਲਾ (ਸੰਪਾਦਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੫ ਈ:)

੮. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਦੂਜਾ (ਸੰਪਾਦਕ ਅਤੇ ਪ੍ਰਕਾਸ਼ਕ) (ਜੁਲਾਈ, ੨੦੦੫ ਈ:)

੯. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਤੀਜਾ (ਸੰਪਾਦਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੬ ਈ:)

੧੦. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਚੌਥਾ (ਸੰਪਾਦਕ ਅਤੇ ਪ੍ਰਕਾਸ਼ਕ) (ਅਪ੍ਰੈਲ, ੨੦੦੬ ਈ:)

੧੧. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਪੰਜਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਸਤੰਬਰ, ੨੦੦੬ ਈ:)

੧੨. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਛੇਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੭ ਈ:)

੧੩. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਸੱਤਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਅਪ੍ਰੈਲ, ੨੦੦੭ ਈ:)

੧੪. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਅਠੱਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਸਤੰਬਰ, ੨੦੦੭ ਈ:)

ਲੇਖਕ ਪ੍ਰੀਤਮ ਸਿੰਘ ਐਮ. ਏ. ਦੀਆਂ ਰਚਨਾਵਾਂ

੧੫. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਮਾਰਚ, ੨੦੦੮ ਈ:)
ਰਚਨਾਵਲੀ ਭਾਗ ਨੌਵਾਂ

੧੬. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਜੁਲਾਈ, ੨੦੦੮ ਈ:)
ਰਚਨਾਵਲੀ ਭਾਗ ਦਸਵਾਂ

੧੭. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਲੇਖਕ ਅਤੇ ਪ੍ਰਕਾਸ਼ਕ) (ਅਕਤੂਬਰ, ੨੦੦੮ ਈ:)
ਰਚਨਾਵਲੀ ਭਾਗ ਗਿਆਰ੍ਹਵਾਂ

੧੮. ਪੰਜ ਨਾਦ (ਲੇਖਕ ਅਤੇ ਪ੍ਰਕਾਸ਼ਕ) (ਅਪ੍ਰੈਲ, ੨੦੦੯ ਈ:)

੧੯. ਅਨਮੋਲ ਸ਼ਬਦ (ਲੇਖਕ ਅਤੇ ਪ੍ਰਕਾਸ਼ਕ) (ਅਕਤੂਬਰ, ੨੦੦੯ ਈ:)

੨੦. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਮਈ, ੨੦੧੦ ਈ:)
ਰਚਨਾਵਲੀ ਭਾਗ ਬਾਰ੍ਹਵਾਂ

੨੧. ਖੱਟੇ ਮਿੱਠੇ ਅਨੁਭਵ (ਲੇਖਕ ਅਤੇ ਪ੍ਰਕਾਸ਼ਕ) (ਅਕਤੂਬਰ, ੨੦੧੦ ਈ:)

੨੨. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਦਸੰਬਰ, ੨੦੧੦ ਈ:)
ਰਚਨਾਵਲੀ ਭਾਗ ਤੇਰ੍ਹਵਾਂ

੨੩. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਅਪ੍ਰੈਲ, ੨੦੧੧ ਈ:)
ਰਚਨਾਵਲੀ ਭਾਗ ਚੌਧਵਾਂ

੨੪. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਸਤੰਬਰ, ੨੦੧੧ ਈ:)
ਰਚਨਾਵਲੀ ਭਾਗ ਪੰਦਰ੍ਹਵਾਂ

੨੫ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਦਸੰਬਰ, ੨੦੧੧ ਈ:)
ਰਚਨਾਵਲੀ ਭਾਗ ਸੋਲ੍ਹਵਾਂ

੨੬ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਲੇਖਕ ਅਤੇ ਪ੍ਰਕਾਸ਼ਕ (ਜਨਵਰੀ, ੨੦੧੨ ਈ:)
ਜੀਵਨ ਅਤੇ ਪੰਥ ਨੂੰ ਸਾਹਿਤਕ ਦੇਣ

੨੭. ਗਿਆਨ ਸਾਗਰ ਲੇਖਕ ਅਤੇ ਪ੍ਰਕਾਸ਼ਕ (ਛਪਾਈ ਅਧੀਨ)

੨੮. ਗਿਆਨ ਪ੍ਰਕਾਸ਼ ਲੇਖਕ ਅਤੇ ਪ੍ਰਕਾਸ਼ਕ (ਛਪਾਈ ਅਧੀਨ)

੨੯. ਸਿਕਰੇਟਸ ਆਫ ਸਕਸੈਸ ਲੇਖਕ ਅਤੇ ਪ੍ਰਕਾਸ਼ਕ (ਛਪਾਈ ਅਧੀਨ)

(ਉਕਤ ਸਮੂਹ ਪੁਸਤਕਾਂ ਦੀ ਵੰਡ ਮੁਫ਼ਤ)

ਸਮਰਪਨ

ਚੌਬੀਵੀਂ

ਪੁਸਤਕ 'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਪੰਦਰ੍ਹਵਾਂ' ਪੰਥ ਦੇ ਮਹਾਨ ਵਿਦਵਾਨ ਅਤੇ ਗੁਰੂ ਘਰ ਦੇ ਸਿੱਦਵਾਨ ਭਾਈ ਸ਼ਮਸ਼ੇਰ ਸਿੰਘ ਅਸ਼ੋਕ ਜੀ (੧੯੦੪-੧੯੯੬ ਈ:) ਨੂੰ ਸਮਰਪਨ।

ਵਿਸ਼ੇ -ਸੂਚੀ

ਮੁੱਢਲੇ ਸ਼ਬਦ

ਮੇਰੀ ਤੇਈਵੀਂ ਪੁਸਤਕ 'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਚੌਧਵਾਂ' ਅਪ੍ਰੈਲ, ੨੦੧੧ ਈ: ਦੌਰਾਨ ਛਪਕੇ ਆਮ ਲੋਕਾਂ ਤੱਕ ਪੁੱਜੀ ਤਾਂ ਮੈਨੂੰ ਵਚਿੱਤਰ ਖੁਸ਼ੀ ਹੋਈ ਕਿ ਮੈਂ ਆਪਣੀ ਜ਼ਿੰਦਗੀ ਵਿੱਚ ਨਵੇਕਲਾ ਜਿਹਾ ਯਾਦਗਾਰੀ ਕੰਮ ਕਰਨ ਵਿੱਚ ਸਫ਼ਲ ਹੋਇਆ ਹਾਂ ਜਿਸ ਤੋਂ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂਆਂ ਨੂੰ ਪੰਜਾਬੀ ਸਾਹਿਤ ਦਾ ਅਨਮੋਲ ਖਜ਼ਾਨਾ ਪ੍ਰਾਪਤ ਹੋਵੇਗਾ। ਗੁਰੂ ਕ੍ਰਿਪਾ ਸੱਦਕਾ ਮੇਰੀ ਚੌਬੀਵੀਂ ਪੁਸਤਕ 'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਪੰਦਰ੍ਹਵਾਂ' ਸਤੰਬਰ, ੨੦੧੧ ਈ: ਤੱਕ ਹਰ ਹਾਲਤ ਵਿੱਚ ਪਾਠਕਾਂ ਤੱਕ ਪਹੁੰਚ ਜਾਵੇਗੀ। ਇਸ ਰਚਨਾਵਲੀ ਦੀ ਲੜੀ ਦੇ ਇਸ ਭਾਗ ਛੱਪਣ ਨਾਲ ਮੈਂ ਜੀਵਨ ਦੇ ਕੀਤੇ ਸੰਕਲਪ ਦੀ ਸੰਪੂਰਣਤਾ ਵੱਲ ਵੱਧ ਰਿਹਾ ਹਾਂ ਅਤੇ ਮੈਂ, ਗਿਆਨੀ ਦਿੱਤ ਸਿੰਘ ਜੀ ਦੇ ਸਾਹਿਤਕ ਯੱਗ ਦੇ ਆਖਰੀ ਪੜਾਅ ਨੇੜੇ ਪਹੁੰਚ ਰਿਹਾ ਹਾਂ।

ਗਿਆਨੀ ਜੀ ਦੀ ਪ੍ਰਸਿੱਧ ਰਚਨਾ 'ਸ੍ਰੀ ਗੁਰੂ ਨਾਨਕ ਪ੍ਰਬੋਧ' ਅਕਾਰ ਪੱਖੋਂ ਵੱਡੀ ਹੋਣ ਕਰਕੇ ਰਚਨਾਵਲੀ ਦੀ ਲੜੀ ਦੇ ਭਾਗ-ਪੰਦਰ੍ਹਵਾਂ ਵਿੱਚ ਕੇਵਲ ਇਹ ਇੱਕੋ ਹੀ ਪੁਸਤਕ ਪੁਨਰ-ਛਾਪ ਵਜੋਂ ਸ਼ਾਮਲ ਕੀਤੀ ਗਈ ਹੈ। ਗਿਆਨੀ ਜੀ ਨੇ ਇਸ ਮਹਾਨ ਕ੍ਰਿਤ ਨੂੰ ਅਗਸਤ, ੧੮੯੯ ਈ: ਵਿੱਚ ਮੁਕੰਮਲ ਕਰ ਲਿਆ ਸੀ ਜਿਸ ਦੀ ਪਹਿਲੀ ਛਾਪ ਸੰਨ ੧੮੯੯ ਈ: ਦੇ ਅੰਤ ਵਿੱਚ ੧੫੬ ਪੰਨਿਆਂ ਵਿੱਚ ਛੱਪੀ ਸੀ ਜਿਸ ਦੀ ਭੂਮਿਕਾ ਭਾਈ ਜਵਾਹਰ ਸਿੰਘ ਨੇ ਲਿਖੀ ਸੀ। ਇਸ ਪੁਸਤਕ ਛੱਪਣ ਤੋਂ ਪਹਿਲਾਂ ਖਾਲਸਾ ਅਖ਼ਬਾਰ, ਲਹੌਰ ਦੇ ਅੰਕ ਮਿਤੀ ੧੨ ਅਗਸਤ, ੧੮੯੯ ਈ: ਵਿੱਚ ਹੇਠ ਦਿੱਤੀ ਸੂਚਨਾ ਆਮ ਲੋਕਾਂ ਨੂੰ ਦਿੱਤੀ ਗਈ ਸੀ 'ਗੁਰੂ ਨਾਨਕ ਪ੍ਰਬੋਧ' ਨਾਮੇ ਪੁਸਤਕ ਜਿਸ ਦੇ ਵਿੱਚ ਗੁਰੂ ਨਾਨਕ ਜੀ ਮਹਾਰਾਜ ਦੇ ਉਪਦੇਸ਼ ਹਨ ਜੋ ਭਾਈ ਦਿੱਤ ਸਿੰਘ ਗਯਾਨੀ ਟੀਚਰ ਓਰੀਅੰਟਲ

ਕਾਲਜ ਭਾਈ ਕਲਾਸ ਲਹੌਰ ਨੇ ਬਨਾਇਆ ਹੈ। ਇਸ ਪੁਸਤਕ ਵਿੱਚ ਜਿਥੇ ਜਿਥੇ ਗੁਰੂ ਜੀ ਨੇ ਜਿਸ ਜਿਸ ਪਰ ਸ਼ਬਦ ਦਾ ਉਚਾਰਨ ਕੀਤਾ ਹੈ ਸੋ ਕਥਨ ਸ਼ਬਦ ਲਿਖ ਕਰਕੇ ਚੋਪਈਆਂ ਦੇ ਵਿੱਚ ਹੈ? ਇਸ ਪੁਸਤਕ ਵਿਚ ਗਿਆਨੀ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਗੁਰਬਾਣੀ ਵਿਚੋਂ ਚੋਣਵੇਂ ਸ਼ਬਦਾਂ ਦੀ ਵਿਆਖਿਆ ਸੁਖੈਨ ਅਤੇ ਰਸ-ਭਰਪੂਰ ਸ਼ਬਦਾਂ ਵਿੱਚ ਕੀਤੀ ਹੈ।

ਗਿਆਨੀ ਜੀ ਦੇ ਜੀਵਨ ਅਤੇ ਸ਼ਖਸੀਅਤ ਬਾਰੇ ਰਚਨਾਵਲੀ ਦੀ ਲੜੀ ਦੇ ਭਾਗ ਪਹਿਲਾ ਦੇ ਪੰਨਾ ੧੧-੩੯ ਉਤੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਗਿਆਨੀ ਜੀ ਨੇ ਰਵਿਦਾਸੀਆ ਪ੍ਰੀਵਾਰ ਦੇ ਸੰਤ ਦੀਵਾਨ ਸਿੰਘ ਜੀ ਦੇ ਘਰ ਅਤੇ ਮਾਤਾ ਰਾਮ ਕੌਰ ਦੀ ਕੁੱਖੋਂ ੨੧ ਅਪ੍ਰੈਲ, ੧੮੫੦ ਈ: ਨੂੰ ਪਿੰਡ ਕਲੌੜ ਰਿਆਸਤ ਪਟਿਆਲਾ ਹੁਣ ਜਿਲ੍ਹਾ ਫਤਿਹਗੜ੍ਹ (ਪੰਜਾਬ) ਵਿਖੇ ਜਨਮ ਲੈਕੇ ਸੰਤ ਪ੍ਰੀਵਾਰ ਦੀ ਗੁੜ੍ਹਤੀ ਲੈਕੇ ਬਚਪਨ ਵਿੱਚ ਗੁਲਾਬ ਦਾਸੀ ਡੇਰੇ ਤਿਊੜ ਵਿਖੇ ਦਸ ਸਾਲ ਧਾਰਮਕ ਵਿਦਿਆ ਪ੍ਰਾਪਤ ਕਰਕੇ ਚਾਰ ਸਾਲ (੧੮੬੯-੭੩ਈ:) ਗੁਲਾਬਦਾਸੀ ਚੱਠਿਆਂ ਵਾਲੇ ਡੇਰੇ (ਨੇੜੇ ਲਹੌਰ) ਤੋਂ ਉੱਚ ਸਿਖਿਆ ਲੈਕੇ ਅੰਤਰ ਰਾਸ਼ਟਰੀ ਪੱਧਰ ਦੇ ਵਿਦਵਾਨ, ਉੱਚ ਕੋਟੀ ਦੇ ਵਾਰਤਾਕਾਰ ਅਤੇ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਅਤੇ ਨਿਰਮਤਾ ਦੇ ਪੁੰਜ ਨੇ ਜੀਵਨ ਦੇ ਅੰਤ ੬ ਸਤੰਬਰ, ੧੯੦੧ ਈ: ਤੱਕ ੫੨ ਸਾਲਾਂ ਦੇ ਛੋਟੇ ਜਿਹੇ ਜੀਵਨ ਕਾਲ ਵਿੱਚ ੭੨ ਪੁਸਤਕਾਂ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਈਆਂ ਸਨ ਜਿਨ੍ਹਾਂ ਦੇ ਨਾਵਾਂ ਦੀ ਸੂਚੀ ਹੇਠ ਦਿੱਤੀ ਜਾਂਦੀ ਹੈ:-

੧. ਸ਼ੀਰੀ ਫ਼ਰਹਾਦ (੧੮੭੦)
੨. ਅਬਲਾ ਨਿੰਦ (੧੮੭੨)
੩. ਮਨ ਸੰਬੋਧਨ ਗ੍ਰੰਥ (੧੮੭੩)
੪. ਪੰਮਾ ਪ੍ਰਬੋਧ (੧੮੭੪)
੫. ਗੁੱਗਾ ਗਪੌੜਾ (੧੮੮੬)
੬. ਮੀਰਾਂ ਮਨੌਤ (੧੮੮੬)
੭. ਡਰਪੋਕ ਸਿੰਘ ਅਤੇ ਦਲੇਰ ਸਿੰਘ (੧੮੮੭)
੮. ਮੇਰਾ ਅਤੇ ਸਾਧੂ ਦਯਾ ਨੰਦ ਦਾ ਸੰਬਾਦ (੧੮੮੭)
੯. ਸ੍ਰੀ ਗੁਰੂ ਅਰਜਨ ਚਰਿੱਤ (ਸ਼ਹੀਦੀ) (੧੮੭੯)
੧੦. ਭਾਈ ਬੋਤਾ ਸਿੰਘ ਦੀ ਸ਼ਹੀਦੀ (੧੮੭੯)

११. ਭਾਈ ਤਾਰਾ ਸਿੰਘ ਵਾਈਏਂ ਦੀ ਸ਼ਹੀਦੀ (੧੮੭੯)
१२. ਮੀਰਾਂ ਕੋਟੀਏ ਭਾਈ ਮਤਾਬ ਸਿੰਘ ਦੀ ਬਹਾਦਰੀ (੧੮੯੦)
१३. ਭਾਈ ਤਾਰੂ ਸਿੰਘ ਦੀ ਸ਼ਹੀਦੀ (੧੮੯੦)
१४. ਭਾਈ ਸੁਬੇਗ ਸਿੰਘ ਦੀ ਸ਼ਹੀਦੀ (੧੮੯੦)
१५. ਸਿੱਖ ਬੱਚੇ ਦੀ ਸ਼ਹੀਦੀ (੧੮੭੮)
१६. ਸਿੰਘਣੀਆਂ ਦੇ ਸਿੱਦਕ (੧੮੯੧)
१७. ਸਰਹੱਦ ਤੇ ਪਲਟਨ ਨੰ: ੧੫ ਦੀ ਬਹਾਦਰੀ (੧੮੯੧)
१८. ਸੁਪਨ ਨਾਟਕ (੧੮੮੭)
१९. ਗੁਰਮਤ ਆਰਤੀ ਪ੍ਰਬੋਧ (੧੮੮੭)
२०. ਧਰਮ ਦਰਪਣ (੧੮੮੭)
२१. ਸੁਲਤਾਨ ਪੁਆੜਾ (੧੮੯੯)
२२. ਜਨਮ ਸਾਖੀ ਗੁਰੂ ਨਾਨਕ ਦੇਵ ਜੀ(੧੮੯੧)
२३. ਸ੍ਰੀ ਗੁਰੂ ਨਾਨਕ ਪ੍ਰਬੋਧ (੧੮੯੯)
२४. ਸ੍ਰੀ ਗੁਰੂ ਨਾਨਕ ਦਰਸ਼ਨ (੧੮੯੦)
२५. ਜੀਵਨ ਕਥਾ ਗੁਰੂ ਅੰਗਦ ਦੇਵ ਜੀ (੧੮੯੮)
२६. ਗੁਰੂ ਅਮਰ ਪ੍ਰਬੋਧ (ਭਾਗ-੧) (੧੮੯੦)
२७. ਜੀਵਨ ਕਥਾ ਗੁਰੂ ਅਮਰਦਾਸ ਜੀ(੧੮੯੦)
२८. ਸ੍ਰੀ ਗੁਰੂ ਰਾਮਦਾਸ ਪ੍ਰਬੋਧ (ਭਾਗ-੧)(੧੮੯੦)
२९. ਜੀਵਨ ਕਥਾ ਗੁਰੂ ਅਰਜਨ ਦੇਵ ਜੀ (੧੮੯੯)
३०. ਸ੍ਰੀ ਗੁਰੂ ਅਰਜਨ ਪ੍ਰਬੋਧ (ਭਾਗ-੧)(੧੮੯੩)
३१. ਜੀਵਨ ਕਥਾ ਗੁਰੂ ਹਰਿ ਰਾਇ ਜੀ(੧੮੯੦)
३२. ਜੀਵਨ ਕਥਾ ਗੁਰੂ ਹਰਿ ਕ੍ਰਿਸ਼ਨ ਜੀ (੧੮੯੦)
३३. ਜੀਵਨ ਕਥਾ ਗੁਰੂ ਤੇਗ ਬਹਾਦਰ ਜੀ (੧੮੯੯)
३४. ਕਲਗੀਧਰ ਉਪਕਾਰ (੧੮੯੯)
३५. ਦਸਮ ਗੁਰੂ ਜੀ ਦੇ ਚਰਿੱਤ (੧੮੯੯)
३६. ਭਾਰਤ ਮੰਗਲ (੧੮੯੯)
३७. ਸ੍ਰੀ ਗੁਰਬਾਣੀ ਪ੍ਰਬੋਧ (੧੮੯੧)
३८. ਪ੍ਰਤਿੰਗਯਾ ਪਾਲਨ (੧੮੯੬)
३९. ਅੰਮ੍ਰਿਤ ਵਧਾਈ (੧੮੭੫)
४०. ਨੀਤੀ ਗੁਲਦਸਤਾ (੧੮੯੩)
४१. ਨੀਤੀ ਪ੍ਰਕਾਸ਼ (੧੮੯੨)
४२. ਰਾਜ ਪ੍ਰਬੋਧ ਨਾਟਕ (੧੮੯੯)
४३. ਅਵਤਾਰ ਪ੍ਰਬੋਧ (੧੮੭੫)
४४. ਪੰਥ ਸੁਧਾਰ ਬਿਨਯ ਪੱਤਰ (੧੮੭੫)
४५. ਖਾਲਸਾ ਪੱਤਰ (੧੮੭੫)
४६. ਸਮਸਿਆ ਪੂਰਤੀ (੧੮੭੬)
४७. ਨਕਲੀ ਸਿੱਖ ਪ੍ਰਬੋਧ (੧੮੯੩)
४८.● ਨੀਤੀ ਬਚਨ (੧੮੯੩)
४९. ਦੰਭ ਵਿਦਾਰਨ (੧੮੯੯)
५०. ਦੁਰਗਾ ਪ੍ਰਬੋਧ (੧੮੯੯)
५१. ਦਿੱਤ ਹਰੀ ਉਪਦੇਸ਼ ਮਾਲਾ (੧੮੯੧)
५२. ਵੇਦਕ ਰਿਸ਼ੀਆਂ ਦੇ ਇਲਮ ਤੇ ਹੁਨਰ (੧੯੦੦)
५३*. ਸ਼ਹੀਦੀ ਪ੍ਰਬੋਧ (ਸ਼ਹੀਦੀ ਸਾਕੇ) (੧੮੯੦)
५४*. ਪੁਜਾਰੀ ਪ੍ਰਬੋਧ (੧੮੭੬)
५५*. ਪਤਿਤ ਪਾਵਨ (੧੮੭੭)
५६*. ਧਰਮ ਸੰਸਕਾਰ (੧੮੭੭)
५७*. ਗੁਰੂ ਹਰਿ ਰਾਇ ਪ੍ਰਬੋਧ (੧੮੯੦)
५८*. ਪੰਥ ਪ੍ਰਬੋਧ (੧੮੭੭)
५९*. ਮੀਰਾਂ ਮਨੌਤ-ਸੈਲਾਨੀ ਸਿੰਘ (੧੮੯੬)
६०.● ਨੀਤੀ ਵਿਚਾਰ (੧੮੯੩)
६१.+ਬਿਨੰਤੀ (੧੮੭੭)
६२**. ਗੁਰ ਗਯਾਨ ਪ੍ਰਬੋਧ (੧੮੯੧)
६३**. ਖਾਲਸਾ ਪ੍ਰਬੋਧ (੧੮੯੧)
६४**. ਗੁਰਮਤ ਉਪਦੇਸ਼ ਪ੍ਰਬੋਧ (੧੮੯੨)
६५.++ਕਿਆ ਵੇਦ ਇਲਹਾਮੀ ਹੈਂ? (੧੯੦੦)
६६.++ਵੇਦਾਂ ਦੀ ਜਾਦੂਗਰੀ (੧੯੦੦)
६७.++ਵੇਦਕ ਯੁਗ ਤੇ ਕੁਰਬਾਨੀਆਂ (੧੯੦੦)

੬੮.++ਵੇਦਕ ਰਿਸ਼ੀਆਂ ਦੀ ਤਹਿਜ਼ੀਬ(੧੯੦੦) ੭੦.++ਵੇਦਕ ਰੀਤਾਂ ਰਸਮਾਂ (੧੯੦੦)
੬੯.++ਵੇਦਕ ਮਤ (੧੯੦੦) ੭੧ ●●ਦਸਮ ਗੁਰੂ ਜੀ ਦੇ ਧਰਮ ਯੁੱਧ (੧੯੯੫)
੭੨. ਚੋਣਵੇਂ ਲੇਖ (੧੯੦੧)

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਪੂਰਣ ਤਿਆਗੀ, ਸੰਜਮੀ, ਨਾਮ ਸਿਮਰਨ ਦੇ ਰਸੀਏ ਅਤੇ ਨਿਮਰਤਾ ਦੇ ਪੁੰਜ ਸਨ। ਉਹਨਾਂ ਦੇ ਮਨ ਵਿਚ ਅਤੇ ਸਰੀਰ ਵਿੱਚ ਗੁਰਮਤਿ ਦਾ ਪ੍ਰਵੇਸ਼ ਸੀ, ਉਹਨਾਂ ਦੇ ਪ੍ਰਚਾਰ ਸਦਕਾ ਅਨੇਕਾਂ ਅਨਮਤੀ ਅਤੇ ਭੁਲੱਕੜ ਸਿਖਾਂ ਵਿੱਚ ਗੁਰਮਤਿ ਦੀ ਰੋਸ਼ਨੀ ਉਮੜ ਪਈ ਸੀ। ਆਪ ਸੂਰਬੀਰ ਬਚਨ ਦੇ ਬਲੀ ਸਨ ਜਿਨ੍ਹਾਂ ਦੀ ਕਹਿਣੀ ਅਤੇ ਕਰਣੀ ਸਿੱਖ ਸੰਗਤ ਨੂੰ ਤਾਰ ਗਈ। ਉਸ ਮਹਾਨ ਵਿਦਵਾਨ ਦੇ ਉਪਦੇਸ਼ ਸੁਣਕੇ ਮੁਰਦਾ-ਦਿਲ-ਬੰਦੇ ਜ਼ਿੰਦਾ ਹੋ ਉਠੇ ਸਨ। ਉਹ ਦੇਹਧਾਰੀ ਗੁਰੂਆਂ, ਪਖੰਡੀ ਸਾਧਾਂ-ਸੰਤਾਂ, ਗੁਰਦੁਆਰਿਆਂ ਦੇ ਪ੍ਰਧਾਨਾਂ ਅਤੇ ਸਕੱਤਰਾਂ ਦੀਆਂ ਗਲਤੀਆਂ, ਕਮਜੋਰੀਆਂ

---

* ਕ੍ਰਮ ਨੰ: ੫੩-੫੯ ਤੱਕ ਸੱਤ ਪੁਸਤਕਾਂ ਜੋ ਗਿਆਨੀ ਜੀ ਦੀਆਂ ਰਚਨਾਵਾਂ ਹਨ, 'ਪੰਜਾਬੀ ਲੇਖਕ ਕੋਸ਼' (ਸੰਨ ੨੦੦੩ ਈ:) ਸੰਪਾਦਕ ਪ੍ਰੋ: ਪ੍ਰੀਤਮ ਸਿੰਘ ਦੇ ਕੋਸ਼ ਦੇ ਪੰਨਾ ੩੯੨ ਉਤੇ ਦਰਜ ਹਨ।

++ ਕ੍ਰਮ ਨੰ. ੬੫-੭੦ ਪੁਸਤਕਾਂ ਗਿਆਨੀ ਜੀ ਦੀਆਂ ਕ੍ਰਿਤਾਂ ਹਨ ਜੋ ਉਹਨਾਂ ਦੀ ਪੁਸਤਕ ਵੇਦਕ ਰਿਸ਼ੀਆਂ ਦੇ ਇਲਮ ਤੇ ਹੁਨਰ ਦੀ ਭੂਮਿਕਾ ਦੇ ਪੰਨਾ ੨ ਉੱਤੇ ਦਰਜ ਹਨ। +ਡਾ: ਕਰਨੈਲ ਸਿੰਘ ਸੋਮਲ ਦੀ ਪੁਸਤਕ 'ਭਾਈ ਦਿੱਤ ਸਿੰਘ ਗਿਆਨੀ ਜੀਵਨੀ', ਰਚਨਾ ਤੇ ਸ਼ਖਸੀਅਤ ਸੰਨ ੨੦੦੫ ਈ: ਵਿੱਚ ਛਪੀ ਪੁਸਤਕ ਵਿਚ ਦਰਜ ਹੈ।

** ਸੰਨ ੧੯੩੨ ਈ: ਵਿੱਚ ਭਾਈ ਤਾਰਾ ਸਿੰਘ ਕ੍ਰਿਸ਼ਨ ਸਿੰਘ ਮਾਲਕ ਦਿੱਤ ਹਰੀ ਬੁਕ ਡਿਪੋ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ਵਲੋਂ ਇਹ ਪੁਸਤਕਾਂ ਛਾਪਕੇ ਵੇਚੀਆਂ ਸਨ। ●ਨਵੀਆਂ ਖੋਜੀਆਂ ਪਸਤਕਾਂ: ●●ਖਾਲਸਾ ਅਖਬਾਰ ਦੇ ਅੰਕ ਮਿਤੀ ੧੪ ਅਗਸਤ, ੧੮੯੬ ਵਿਚ ਪ੍ਰਕਾਸ਼ਨਾਂ ਦੀ ਸੂਚਨਾ ਦਰਜ ਹੈ

ਅਤੇ ਠੱਗੀਆਂ ਦੇ ਪਖੰਡ-ਜਾਲ ਨੂੰ ਉਹਨਾਂ ਦੇ ਸਾਹਮਣੇ ਤਾਰ ਤਾਰ ਕਰ ਦਿੰਦੇ ਸਨ। ਪਰੰਤੂ ਗੁਰਮਤਿ ਪ੍ਰਚਾਰ ਦਾ ਕਿਸੇ ਤੋਂ ਇਵਜ਼ਾਨਾ ਨਹੀਂ ਮੰਗਦੇ ਸਨ। ਉਸ ਮਹਾਨ ਹਸਤੀ ਨੇ ਦੱਬੇ-ਕੁਚਲੇ ਪ੍ਰੀਵਾਰ ਵਿੱਚ ਪਿੰਡ ਕਲੌੜ ਵਿਖੇ ਜਨਮ ਲੈਕੇ ਕੇਵਲ ੫੨ ਸਾਲਾਂ ਦੀ ਛੋਟੀ ਉਮਰ ਵਿੱਚ ਕਈ ਸਦੀਆਂ ਦਾ ਕੰਮ ਨਿਬੇੜਕੇ ੬ ਸਤੰਬਰ, ੧੯੦੧ ਈ: ਨੂੰ ਸਦਾ ਦੀ ਨੀਂਦ ਸੌਂ ਗਈ ਸੀ।

ਡਾ. ਬਲਦੇਵ ਸਿੰਘ ਸ਼ੇਰ ਦੇ ਪੁੱਤਰ ਦਿਲਾਵਰ ਸਿੰਘ ਨਿਪੋਲੀਅਨ ਦਾ ਜਨਮ ੧੯੧੨ ਈ: ਨੂੰ ਹੋਇਆ ਅਤੇ ਮੌਤ ਨਿਊਜ਼ੀਲੈਂਡ ਵਿਖੇ ਅਗਸਤ ੧੯੩੦ ਈ: ਨੂੰ ਹੋਈ ਅਤੇ ਉਹਨਾਂ ਦੀ ਮਾਤਾ ਬਿਸ਼ਨ ਕੌਰ ਦੀ ਮੌਤ ਫਿਰੋਜ਼ਪੁਰ ਵਿਖੇ ੧੯੩੦ ਈ: ਵਿਚ ਹੋਈ, ਉਹਨਾਂ ਦੀ ਪਹਿਲੀ ਪਤਨੀ ਬੀਬੀ ਇੰਦਰ ਕੌਰ ਦੀ ਮੌਤ ੧੯੨੦ ਈ: ਵਿਚ ਅਤੇ ਉਹਨਾਂ ਦੀ ਦੂਜੀ ਪਤਨੀ ਸਤਵੰਤ ਕੌਰ ਦੀ ਮੌਤ ੧੯੫੦ ਵਿਚ ਹੋਈ ਸੀ। ਇਸ ਤੋਂ ਇਲਾਵਾ ਇੰਜ: ਸੁਰਜਨ ਸਿੰਘ ਜੱਸਲ ਚੰਡੀਗੜ੍ਹ ਦੀ ਖੋਜ (੨੦੧੦ ਈ:) ਅਨੁਸਾਰ ੭੦ ਸਾਲ ਬਾਅਦ ਪਤਾ ਲੱਗਾ ਕਿ ਗਿਆਨੀ ਜੀ ਦਾ ਬੰਸ ਅੱਗੇ ਚਲਦਾ ਹੈ ਅਤੇ ਡਾ. ਬਲਦੇਵ ਸਿੰਘ ਸ਼ੇਰ ਨੇ ੧੯ ਸਾਲ ਦੀ ਸਖਤ ਮਿਹਨਤ ਨਾਲ 'ਸ਼ੁੱਧ ਸੰਗੀਤ ਸ਼ਾਸਤਰ (ਹਿੰਦੀ)' ੧੯੩੫ ਈ: ਵਿਚ ਸੰਪੰਨ ਕੀਤਾ ਅਤੇ ਉਹਨਾਂ ਦੀ ਮੌਤ ੧੬ ਜੂਨ, ੧੯੪੦ ਈ: ਨੂੰ ਹੋਈ ਅਤੇ ਉਹਨਾਂ ਦੀ ਪੁੱਤਰੀ ਭਾਵ ਭਾਈ ਦਿੱਤ ਸਿੰਘ ਗਿਆਨੀ ਦੀ ਪੋਤਰੀ ਊਸ਼ਾ ਰਾਣੀ ਸ਼ੇਰ ਸ੍ਰੀ ਐੱਸ. ਕੇ. ਲੱਖਨਪਾਲ ਨਾਲ ਵਿਆਹੀ ਹੋਈ ਹੈ ਜਿਸ ਦਾ ਜਨਮ ੩੧-੧੦-੧੯੩੫ ਈ: ਨੂੰ ਲਾਹੌਰ ਵਿਖੇ ਹੋਇਆ ਸੀ, ਉਹ ਐਮ. ਏ. ਬੀ. ਟੀ. ਅਤੇ ਸੰਗੀਤ ਸ਼ਾਸਤਰੀ ਹੈ ਜਿਸ ਨੇ ਦੋ ਸਾਲ ਏਅਰ ਫੋਰਸ ਸਕੂਲ, ਅੰਬਾਲਾ ਵਿਖੇ ਸੰਗੀਤ ਅਧਿਆਪਕਾ ਦੀ ਨੌਕਰੀ ਕੀਤੀ ਸੀ। ਅੱਜ ਕੱਲ੍ਹ ਉਸ ਦਾ ਪਰਿਵਾਰ (ਲੜਕੀ, ਲੜਕਾ, ਦੋ ਪੋਤਰੇ ਅਤੇ ਨੂੰਹ ਸਸਕਾਤੂਨ ਸ਼ਹਿਰ, ਕੈਨੇਡਾ ਵਿਖੇ ਰਹਿ ਰਹੇ ਹਨ।

ਉਹ ਆਪਣੇ ਵਿੱਚ ਇੱਕ ਸੰਸਥਾ ਹੀ ਸਨ। ਆਪਣੀ ਕਲਮ ਰੂਪੀ ਖੜਗ

ਨਾਲ ਅਨੇਕਾਂ ਮੁਹਿੰਮਾ ਫ਼ਤਿਹ ਕੀਤੀਆਂ ਅਤੇ ਜਿਹੜੇ ਮੈਦਾਨ ਫ਼ਤਿਹ ਕਰਨੇ ਕਹਿ ਗਏ ਸਨ, ਉਸ ਦੇ ਲਈ ਆਪਨੇ ਪੰਥ ਨੂੰ ਹਲੂਣ ਕੇ ਜਗਾਇਆ ਸੀ। ਪਰੰਤੂ ਅਫ਼ਸੋਸ ਦੀ ਗੱਲ ਹੈ ਕਿ ਪੰਥ ਨੇ ਆਪ ਜੀ ਦੀ ਵੰਗਾਰ ਉਤੇ ਸੋਚ ਅਤੇ ਵਿਚਾਰ ਨਹੀਂ ਕੀਤੀ ਜਿਸ ਕਰਕੇ ਪੰਥ ਗਿਰਾਵਟ ਵੱਲ ਚਲਾ ਗਿਆ। ਅੱਜ ਸਿੱਖ ਪੰਥ ੧੯੭੩ ਈ: ਵਾਲੀ ਸਥਿਤੀ ਉਤੇ ਆਣ ਖੜਾ ਹੈ ਜਿਥੋਂ ਕਿ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਸਿੰਘ ਸਭਾ ਲਹਿਰ ਦੇ ਮੋਢੀ ਨੇ ਆਪਣੇ ਸਹਿਯੋਗੀ ਪ੍ਰੋ: ਗੁਰਮੁੱਖ ਸਿੰਘ, ਭਾਈ ਮਈਆ ਸਿੰਘ ਅਤੇ ਭਾਈ ਜਵਾਹਰ ਸਿੰਘ ਕਪੂਰ ਨਾਲ ਮਿਲਕੇ ਪੰਥ ਨੂੰ ਬੁਲੰਦੀਆਂ ਤੱਕ ਪਹੁੰਚਾਉਣ ਦਾ ਉਦੱਮ ਅਰੰਭਿਆ ਸੀ।

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੇ ਸਾਹਿਤ ਨੂੰ ਸਿੱਖ ਇਤਿਹਾਸ, ਸਿੱਖ ਧਰਮ, ਦਰਸ਼ਨ ਅਤੇ ਸੱਭਿਆਚਾਰ ਦਾ ਵਿਸ਼ਵ ਕੋਸ਼ ਕਿਹਾ ਜਾ ਸਕਦਾ ਹੈ। ਇਹਨਾਂ ਨੇ ਸਾਹਿਤ ਵਿੱਚ ਜਿੱਥੇ ਇੱਕ ਪਾਸੇ ਸਿੱਖ ਗੁਰੂਆਂ ਦੇ ਜੀਵਨ ਕਾਲ ਦਾ ਲੱਗ ਭੱਗ ੩੦੦ ਵਰ੍ਹਿਆਂ ਦੇ ਸੱਭਿਆਚਾਰਕ ਇਤਿਹਾਸ ਉਤੇ ਚਾਨਣਾ ਪਾਇਆ ਅਤੇ ਦੂਜੇ ਪਾਸੇ ਉਸ ਕਾਲ ਤੋਂ ਪਿਛੋਂ ਸਿੰਘਾਂ ਨੇ ਮੁਗਲਾਂ ਦੇ ਅਤਿਆਚਾਰਾਂ ਵਿਰੁਧ ਲੜੀਆਂ ਲੜਾਈਆਂ ਅਤੇ ਸਿੱਖਾਂ ਦੀਆਂ ਕੁਰਬਾਨੀਆਂ ਦਾ ਉਲੇਖ ਵੀ ਅੱਛੇ ਢੰਗ ਨਾਲ ਕੀਤਾ ਹੈ ਜਿਸ ਨਾਂਲ ਲੋਕ ਜੀਵਨ ਵਿੱਚ ਇੱਕ ਨਵੀਂ ਸੱਭਿਆਚਾਰਕਤਾ ਅਤੇ ਰਾਸ਼ਟਰੀ ਚੇਤਨਾ ਦਾ ਸੰਚਾਰ ਵੀ ਕੀਤਾ ਹੈ। ਲੇਖਕ ਨੇ ਸਾਹਿਤ ਰਚਨਾ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ, ਧਰਮ ਅਤੇ ਨਿਆਂ ਦੀ ਰੱਖਿਆ, ਅਨਿਆਂ ਅਤੇ ਅਧਰਮ ਦਾ ਸਾਹਸਪੂਰਵਕ ਵਿਰੋਧ ਕਰਨ ਦੀ ਭਾਵਨਾ ਨੂੰ ਉਤੇਜਤ ਕਰਨ ਵਿੱਚ ਵੀ ਪੂਰੀ ਤਰ੍ਹਾਂ ਸਫ਼ਲ ਹੋਇਆ ਹੈ। ਧਾਰਮਕ, ਸਮਾਜਕ, ਆਰਥਕ ਅਤੇ ਰਾਜਨੀਤਕ ਅਵਸਥਾ ਦਾ ਵੀ ਸਾਹਿਤ ਰਚਨਾ ਵਿੱਚ ਵਰਣਨ ਕੀਤਾ ਹੈ। ਮੁਗਲ ਰਾਜਿਆਂ ਅਤੇ ਪਹਾੜੀ ਰਾਜਿਆਂ ਦੀ ਅਨੀਤੀ ਅਤੇ ਅਤਿਆਚਾਰਾਂ ਦਾ ਵੀ ਵਰਣਨ ਕੀਤਾ ਹੈ।

ਮਨੁੱਖ ਜ਼ਿੰਦਗੀ ਤੋਂ ਅਸੰਤੁਸ਼ਟ ਹੈ, ਉਹ ਇਸ ਦੇ ਸੁੱਖਾਂ ਨਾਲ ਰੱਜਦਾ ਨਹੀਂ ਜਿਵੇਂਕਿ ਪੰਜ ਗੱਲਾਂ - ਮਾਰੂ ਧਰਤੀ ਕਦੇ ਮੀਂਹ ਨਾਲ ਨਹੀਂ ਰੱਜਦੀ, ਅੱਗ ਕਦੇ ਲੱਕੜਾਂ ਨਾਲ ਨਹੀਂ ਰੱਜਦੀ, ਸਮੁੰਦਰ ਕਦੇ ਪਾਣੀ ਨਾਲ ਨਹੀਂ ਰੱਜਦਾ, ਧਨਵਾਨ ਕਦੇ ਧਨ ਨਾਲ ਨਹੀਂ ਰੱਜਦਾ ਅਤੇ ਰਾਜਾ ਰਾਜ ਨਾਲ ਨਹੀਂ ਰੱਜਦਾ। ਇਸੇ ਤਰ੍ਹਾਂ ਹੀ ਹੋਰ ਗੱਲਾਂ ਜ਼ਿੰਦਗੀ ਵਿੱਚ ਪ੍ਰਸਿੱਧੀ ਰੱਖਦੀਆਂ ਹਨ ਜਿਵੇਂਕਿ ਭਗਤ ਭਗਤੀ ਤੋਂ ਨਹੀਂ ਰੱਜਦਾ, ਵਿਦਵਾਨ ਗਿਆਨ ਤੋਂ ਨਹੀਂ ਰੱਜਦਾ, ਪਿਆਸੀ ਤੇਗ ਖ਼ੂਨ ਤੋਂ ਨਹੀਂ ਰੱਜਦੀ, ਰਾਤ ਹਨੇਰੇ ਤੋਂ ਨਹੀਂ ਰੱਜਦੀ ਅਤੇ ਅਧਰਮੀ-ਆਦਮੀ ਅਧਰਮ ਕਰਕੇ ਨਹੀਂ ਰੱਜਦਾ। ਅੰਤ ਵਿੱਚ ਇਹ ਕਹਿਣਾ ਅੱਥ ਕਥਨੀ ਗੱਲ ਨਹੀਂ ਹੈ ਕਿ ਸਦਾਚਾਰ ਅਧਾਰਿਤ ਜੀਵਨ ਦੇ ਮੁੱਖ ਸਿਧਾਂਤ-ਕਿਰਤ ਕਰੋ, ਵੰਡ ਛੱਕੋ ਅਤੇ ਨਾਮ ਜਪੋ ਨੂੰ ਅਮਲ ਵਿੱਚ ਲਿਆਕੇ ਹੀ ਜੀਵਨ ਰੂਪੀ ਖੇਤ ਵਿੱਚ 'ਜੋ ਬੀਜੋਗੇ ਉਹੋ ਹੀ ਵੱਢੋਗੇ' ਨੂੰ ਸਾਕਾਰ ਕਰਨ ਲਈ ਸਦਾਚਾਰ ਦੇ ਪੰਜ ਥੰਮ੍ਹ (੧) ਸੱਚ ਬੋਲੋ (੨) ਝੂਠ ਨਾ ਬੋਲੋ (੩) ਨਮਕ ਹਰਾਮ ਨਾ ਕਰੋ (੪) ਗਰੀਬ ਨੂੰ ਸਤਾਓ ਨਾ (੫) ਸਰਬਤ ਦਾ ਭਲਾ ਮੰਗੋ ਹੀ ਜ਼ਿੰਦਗੀ ਦਾ ਅਸਲ ਮਨੋਰਥ ਹੈ।

ਮੱਨੁਖਾ ਸਰੀਰ ਵੀ ਪੰਜ ਤੱਤਾਂ - ਹਵਾ, ਪਾਣੀ, ਜ਼ਮੀਨ, ਅਕਾਸ਼ ਅਤੇ ਅੱਗ ਦਾ ਬਣਿਆ ਹੋਇਆ ਹੈ ਅਤੇ ਮਨੁੱਖਾ ਸਰੀਰ ਨੂੰ ਪੰਜ ਤਾਕਤਾਂ-ਲੋਭ, ਮੋਹ, ਹੰਕਾਰ, ਕਾਮ ਅਤੇ ਕਰੋਧ ਕੰਟਰੋਲ ਕਰਦੀਆਂ ਹਨ। ਇਸੇ ਤਰ੍ਹਾਂ ਮਨੁੱਖਾ ਸਰੀਰ ਨੂੰ ਪੰਜ ਸੁੱਖ - ਸਰੀਰਕ, ਪ੍ਰੀਵਾਰਕ, ਮਾਨਸਕ, ਆਰਥਕ ਅਤੇ ਸੰਸਾਰਕ ਦੀ ਲੋੜ ਹਰ ਸਮੇਂ ਰਹਿੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨ ਨੂੰ ਸਿਖਿਆ ਦਿੱਤੀ ਕਿ ਸੱਚਾ ਮੁਸਲਮਾਨ ਉਹ ਹੈ ਜੋ ਪੰਜ ਨਮਾਜਾਂ-ਸੱਚ ਦੀ, ਹਲਾਲ ਦੀ ਕਮਾਈ, ਸਭ ਦੇ ਭਲੇ ਦੀ, ਜ਼ਮੀਰ ਸਾਫ ਦੀ ਅਤੇ ਖ਼ੁਦਾ ਦੀ ਬੰਦਗੀ ਦੀ ਪੜ੍ਹੇ। ਮਨੁੱਖ ਨੂੰ ਅਧਿਆਤਮਕ ਸਿਖਰ ਉਤੇ ਪਹੁੰਚਣ ਲਈ ਪੰਜ ਖੰਡਾਂ-ਧਰਮ ਖੰਡ, ਗਿਆਨ ਖੰਡ, ਕਰਮ ਖੰਡ, ਸਰਮ ਖੰਡ ਅਤੇ ਸੱਚ ਖੰਡ ਵਿੱਚੋਂ ਦੀ ਗੁਜ਼ਰਨਾ ਪੈਂਦਾ ਹੈ।

ਮੈਂ, ਆਪਣੇ ਪ੍ਰੀਵਾਰ ਦੇ ਮੈਂਬਰਾਂ ਦਾ ਖਾਸ ਕਰਕੇ ਆਪਣੀ ਜੀਵਨ ਸਾਥਣ ਸ੍ਰੀਮਤੀ ਜਾਗੀਰ ਕੌਰ ਦਾ ਅਤਿ ਰਿਣੀ ਅਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਅਜਿਹੇ ਨਿਵੇਕਲੇ ਅਤੇ ਮਹਾਨ ਕੰਮ ਨੂੰ ਨੇਪਰੇ ਚਾੜ੍ਹਨ ਲਈ ਹੌਸਲਾ ਦਿੱਤਾ ਅਤੇ ਗਿਆਨੀ ਜੀ ਦੀਆਂ ਮੂਲ ਕ੍ਰਿਤਾਂ ਦੀਆਂ ਪੁਨਰ-ਪ੍ਰਕਾਸ਼ਨਾਵਾਂ ਨੂੰ ਸੰਪਾਦਕ ਅਤੇ ਪ੍ਰਕਾਸ਼ਤ ਕਰਕੇ ਮੁਫ਼ਤ ਵੰਡਣ ਲਈ ਉਤਸ਼ਾਹਤ ਕੀਤਾ।

ਮੈਂ, ਸ: ਨਸੀਬ ਸਿੰਘ ਸੇਵਕ, ਪ੍ਰਧਾਨ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ:) ਕਜਹੇੜੀ (ਚੰਡੀਗੜ੍ਹ) ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਰਚਨਾਵਲੀ ਦੀ ਲੜੀ ਦੇ ਭਾਗ ਪੰਦਰ੍ਹਵਾਂ ਵਿੱਚ ਸ਼ਾਮਲ ਗਿਆਨੀ ਜੀ ਦੀ ਕ੍ਰਿਤ 'ਸ੍ਰੀ ਗੁਰੂ ਨਾਨਕ ਪ੍ਰਬੋਧ' ਦੀ ਫੋਟੋ ਕਾਪੀ ਖੁਸ਼ੀ-ਖੁਸ਼ੀ ਪੁਨਰ ਛਾਪ ਲਈ ਦਿੱਤੀ।

ਮੈਂ, ਉਨ੍ਹਾਂ ਸਮੂਹ ਲੇਖਕਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਲਿਖਤਾਂ ਤੋਂ ਅਗਵਾਈ ਲੈਕੇ 'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਨਾਵਲੀ - ਭਾਗ ਪੰਦਰ੍ਹਵਾਂ' ਨੀਯਤ ਅਤੇ ਉਲੀਕੇ ਸਮੇਂ ਵਿੱਚ ਸੰਪਾਦਤ ਅਤੇ ਪ੍ਰਕਾਸ਼ਤ ਕਰਨ ਵਿੱਚ ਸਫ਼ਲ ਹੋਇਆ ਹਾਂ।

ਅੰਤ ਵਿੱਚ ਮੈਨੂੰ ਪੂਰਣ ਵਿਸ਼ਵਾਸ਼ ਹੈ ਕਿ ਗਿਆਨੀ ਜੀ ਦੀਆਂ ਇੱਕ ਸਦੀ ਪੁਰਾਣੀਆਂ ਰਚਨਾਵਾਂ ਦੀਆਂ ਪੁਨਰ-ਪ੍ਰਕਾਸ਼ਨਾਵਾਂ ਅੱਜ ਦੀ ਇੱਕੀਵੀਂ ਸਦੀ ਵਿੱਚ ਵੀ ਪੰਥ ਲਈ ਪਹਿਲਾਂ ਜਿੰਨੀਆਂ ਲਾਭਕਾਰੀ ਸਿੱਧ ਹੋਣਗੀਆਂ।

ਮਿਤੀ : ੬ ਸਤੰਬਰ, ੨੦੧੧ ਈ: ਪ੍ਰੀਤਮ ਸਿੰਘ ਐਮ.ਏ.

ਸਥਾਨ : ਮੋਹਾਲੀ (ਪੰਜਾਬ) ਸੰਪਾਦਕ ਅਤੇ ਪ੍ਰਕਾਸ਼ਕ

ੴ ਸਤਿਗੁਰ ਪ੍ਰਸਾਦਿ॥

੪੦

ਸ੍ਰੀ ਗੁਰੂ ਨਾਨਕ ਪ੍ਰਬੋਧ



ਕ੍ਰਿਤ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਪੁਨਰ ਛਾਪ

ਸੰਨ : ਸਤੰਬਰ, ੨੦੧੧ ਈ:

ਸੰਪਾਦਕ ਅਤੇ ਪ੍ਰਕਾਸ਼ਕ

ਪ੍ਰੀਤਮ ਸਿੰਘ ਐਮ.ਏ.

'ਸ੍ਰੀ ਗੁਰੂ ਨਾਨਕ ਪ੍ਰਬੋਧ' ਬਾਰੇ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੀ ਇਹ ਰਚਨਾ ਪਹਿਲੀ ਵਾਰ ਭਾਈ ਗੁਲਾਬ ਸਿੰਘ ਵਿਦਵਾਨ, ਅਧਯਾਪਕ ਗੁਰਮੁੱਖੀ ਨਾਰਮਲ ਸਕੂਲ, ਲਹੌਰ ਨੇ ਗਿਆਨੀ ਜੀ ਪਾਸੋਂ ਰਾਈਟ ਲੈਕੇ ਸੰਨ ੧੯੯੯ ਈ: ਦੇ ਅੰਤ ਵਿੱਚ ੧੨੦੦ ਕਾਪਿਆਂ ਛਪਵਾਈਆਂ ਸਨ ਜਿਸ ਦੇ ਪੰਨੇ ੧੫੬ ਸਨ। ਇਸ ਪੁਸਤਕ ਦੀ ਦੂਜੀ-ਛਾਪ ਦੀ ਪ੍ਰਕਾਸ਼ਨਾ ਮੈਸਰਜ਼ ਤਾਰਾ ਸਿੰਘ, ਕਿਸ਼ਨ ਸਿੰਘ, ਮਾਲਕ ਦਿੱਤ ਹਰੀ ਬੁੱਕ ਡਿਪੋ, ਅੰਮ੍ਰਿਤਸਰ ਵਲੋਂ ਮਾਰਚ, ੧੯੩੨ ਈ: ਵਿੱਚ ੨੦੦੦ ਕਾਪੀਆਂ ਛਾਪੀਆਂ ਗਈਆਂ ਅਤੇ ਪੁਸਤਕ ਦੇ ੨੩੭ ਪੰਨੇ ਸਨ।

ਇਸ ਪੁਸਤਕ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚੋਣਵੇਂ ਸ਼ਬਦਾਂ ਦੇ ਅਰਥ ਕਵਿੱਤਾ ਵਿੱਚ ਕੀਤੇ ਮਿਲਦੇ ਹਨ। ਇਸ ਪੁਸਤਕ ਦੀ ਧਾਰਨਾ ਜਨਮ-ਸਾਖੀ ਤੋਂ ਵਖਰੀ ਹੈ। ਰਚਨਾ ਹਿੰਦੀ ਰੰਗਣ ਦੀ ਹੋਣ ਦੇ ਨਾਲ ੨ ਛੰਦ-ਬੱਧ ਹੈ ਜੋ ਕਵੀ ਜੀ ਨੇ ਛੰਦ ਦੋਹਰਾ, ਸੋਰਠਾ, ਚੌਪਈ ਅਤੇ ਸਵੈਯਾ ਵਰਤਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਖਾਸ ਘਟਨਾਵਾਂ ਦਾ ਵਰਨਣ ਕਰਕੇ ਗੁਰੂ ਜੀ ਦੀ ਬਾਣੀ ਅਤੇ ਸਿਖਿਆ ਬਾਰੇ ਡੂੰਘੀ ਰੋਸ਼ਨੀ ਪਾਈ ਹੈ।

ਇਹ ਪੁਸਤਕ ਭਾਵੇਂ ਵੱਖ ੨ ਅਧਿਆਇਆਂ ਵਿੱਚ ਤਾਂ ਨਹੀਂ ਵੰਡੀ ਹੋਈ ਪਰੰਤੂ ਮੁੱਖ ਹਿੱਸੇ ਵੱਖ ੨ ਸਿਰਲੇਖਾਂ-ਯਗਯੋਪਵੀਤ ਪ੍ਰਬੋਧ, ਵੈਦਯ ਪ੍ਰਬੋਧ, ਸੂਤਕ ਪ੍ਰਬੋਧ, ਮੁੱਲਾਂ ਜੁਬਾਬ ਪ੍ਰਬੋਧ, ਸੱਚ ਝੂਠ ਪ੍ਰਬੋਧ, ਕੁਰਖੇਤਰ ਪ੍ਰਬੋਧ, ਰਾਏ ਬੁਲਾਰ ਪ੍ਰਬੋਧ, ਵੈਰਾਗ ਪ੍ਰਬੋਧ, ਜੋਗੀ ਪ੍ਰਬੋਧ, ਤਲਵੰਡੀ ਪਿਤਾ ਪ੍ਰਬੋਧ, ਜੈਨੀਆਂ ਪ੍ਰਬੋਧ, ਬਨਾਰਸੀ ਪੰਡਤ ਪ੍ਰਬੋਧ, ਸੰਨਯਾਸੀਆਂ ਪ੍ਰਬੋਧ, ਪਾਣੀਪਤ ਪ੍ਰਬੋਧ,

ਇਬਰਾਹਾਮ ਲੋਦੀ ਪ੍ਰਬੋਧ, ਬਾਬਰ ਚੁੱਗਤੇ ਪ੍ਰਬੋਧ, ਬ੍ਰਿੰਦਾਬਨ ਪ੍ਰਬੋਧ, ਅਵਤਾਰ ਵਿਖਯ ਪ੍ਰਬੋਧ, ਅਕਾਲ ਪੁਰਖ ਲੱਖਨ ਪ੍ਰਬੋਧ, ਮੀਆਂ ਮਿੱਠਾ ਪ੍ਰਬੋਧ, ਅਕਾਲ ਪੁਰਖ ਉਪਾਸ਼ਨਾ ਪ੍ਰਬੋਧ, ਤੀਰਥ ਪ੍ਰਬੋਧ, ਸ਼ੇਖ ਪ੍ਰਬੋਧ, ਮੱਕੇ ਦੇ ਕਾਜ਼ੀ ਪ੍ਰਬੋਧ, ਜਗਤ ਉਤਪਤ ਪ੍ਰਬੋਧ, ਲਾਹੌਰ ਦੁਨੀ ਚੰਦ ਪ੍ਰਬੋਧ ਅਤੇ ਦਿਹਾਂਤ ਪ੍ਰਬੋਧ, ਹੇਠਾਂ ਦਿੱਤੇ ਹਨ।

ਇਸ ਪੁਸਤਕ ਵਿੱਚ ਗਿਆਨੀ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਬਹੁਤ ਘਟਨਾਵਾਂ ਦੀ ਵਿਆਖਿਆ ਕਾਵਿ ਰੂਪ ਵਿੱਚ ਕੀਤੀ ਹੈ ਜਿਸ ਦਾ ਉਲੇਖ ਹੇਠ ਦਿੱਤਾ ਜਾਂਦਾ ਹੈ। ਗੁਰੂ ਜੀ ਦੇ ਜਨਮ ਦਾ ਪ੍ਰਸੰਗ ਪੁਸਤਕ ਦੇ ਪੰਨਾ ੭ ਉਤੇ ਇਸ ਤਰ੍ਹਾਂ ਹੈ:-

"ਜਿਲ੍ਹਾ ਲਾਹੌਰ ਮਾਹਿ ਸੁਣ ਲੀਜੇ। ਸਕਰਪੁਰ ਨਾਮ ਤਸੀਲ ਕਹੀਜੇ।
ਤਾਂ ਮਹਿ ਰਾਇ ਭੋਇ ਤਲਵੰਡੀ। ਨਨਕਾਣਾ ਜਹਿ ਕਹਤ ਪ੍ਰਚੰਡੀ।
ਤਹ ਮਹਿਤਾ ਕਾਲੂ ਇਕ ਆਹਾ। ਜਹੁ ਘਰ ਜਨਮ ਗੁਰੂ ਨੇ ਲਹਾ।"

ਦੂਜਾ ਪ੍ਰਸੰਗ ਸੁਲਤਾਨਪੁਰ ਲੋਧੀ ਵਿਖੇ ਮੋਦੀ ਖਾਨੇ ਦਾ ਹੈ ਜੋ ਪੁਸਤਕ ਦੇ ਪੰਨਾ ੨੯ ਉਤੇ ਦਰਜ ਹੈ:-

"ਜਾ ਨਬਾਬ ਕੇ ਪਾਸ ਸੁਨਾਯੋ। ਮੋਦੀਖਾਨਾ ਯਾਹ ਲੁਟਾਯੋ।
ਜਬ ਨਬਾਬ ਲੇਖਾ ਕਰਵਾਯੋ। ਤਬ ਗੁਰ ਕਾ ਕੁਛ ਲੇਨਾ ਆਯੋ।
ਹੋਇ ਅਨੰਦ ਨਬਾਬ ਪੁਕਾਰੋ। ਕਰੋ ਕਾਮ ਜੋ ਅਹ ਤੁਮਾਰੋ।
ਸਦਾ ਗਯਾਨ ਵੈਰਾਗ ਮੁਝਾਰੀ। ਰਹਤ ਬ੍ਰਿਤ ਗੁਰ ਪਰਉਪਕਾਰੀ।
ਬਹੁਰ ਬਿਵਾਹ ਗੁਰੂ ਕਾ ਭਯੋ। ਗ੍ਰਸ ਧਰਮ ਕੋ ਧਾਰਨ ਕਰਯੋ।
ਸਿਰੀ ਚੰਦ ਲਖਮੀ ਚੰਦ ਦੋਏ। ਯਹ ਸਤਗੁਰ ਜੂ ਕੇ ਗ੍ਰਹ ਹੋਏ।"

ਤੀਜਾ ਪ੍ਰਸੰਗ ਗੁਰੂ ਜੀ ਦੇ ਜੋਤੀ ਜੋਤਿ ਸਮਾਉਂਣ ਬਾਰੇ ਪੁਸਤਕ ਦੇ ਅੰਤਲੇ ਪੰਨੇ ੨੩੭ ਉਤੇ ਦਰਜ ਹੈ:-

"ਵਹੁ ਸਮਾਧ ਕੀ ਪੂਜ ਕਰਾਵੈਂ। ਵੇ ਜਾ ਕਬਰ ਨਿਆਜ ਚੜ੍ਹਾਵੈਂ।
ਪਰ ਅਕਾਲ ਯਹ ਬਾਤ ਨ ਭਾਈ। ਜੋ ਇਨ ਦੋਨੋਂ ਬਨਤ ਬਨਾਈ।
ਤਾਂ ਤੇ ਰਾਵੀ ਨਦੀ ਚੜ੍ਹਾਈ। ਕਬਰ ਸਮਾਧੀ ਦੋਇ ਬਹਾਈ।
ਜਾਂ ਤੇ ਕਹੀਂ ਜਗਤ ਕੇ ਮਾਹੀਂ। ਅਹੇ ਸਮਾਧ ਗੁਰੂ ਕੀ ਨਾਹੀ।
ਸੁਨਹੁ ਮੀਤ ਮਮ ਬਿਨਤੀ ਇਹੀ। ਗੁਰ ਲੀਲਾ ਕੀਨੀ ਭਵ ਜੇਹੀ।
ਤਾਂਹਿ ਸਿੰਧ ਸੇ ਬੂੰਦ ਸਮਾਨੀ। ਮੈਂ ਨਿਜ ਮਤ ਅਨੁਸਾਰ ਬਖਾਨੀ।"

ਉਸ ਸਮੇਂ ਸੰਸਾਰੀ ਮਨੁੱਖ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਵਿੱਚ ਡੁਬਿਆ ਹੋਇਆ ਈਰਖਾ, ਦਵੈਤ ਅਤੇ ਮਾਇਆ ਦੇ ਜਾਲ ਵਿੱਚ ਫਸਿਆ ਹੋਇਆ ਸੀ। ਅਜਿਹੀ ਭੈੜੀ ਦਸ਼ਾ ਵਿੱਚੋਂ ਬਚਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼-ਦੇਸ਼ਾਂਤਰਾਂ ਦਾ ਚੱਕਰ ਲਗਾਕੇ ਗੁਰਬਾਣੀ ਰਾਹੀਂ ਉਪਦੇਸ਼ ਦੇਕੇ, ਅਨੋਖਾ ਉਦਮ ਕੀਤਾ ਜਿਸ ਦਾ ਵਰਣਨ ਗੁਰਪੁਰ ਨਿਵਾਸੀ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਇਸ ਪੁਸਤਕ ਵਿੱਚ ਸੁਖੈਨ ਅਤੇ ਸੁਰੀਲੀ ਛੰਦਾਂ-ਬੰਦੀ ਵਿੱਚ ਕੀਤਾ ਉਹ ਅਪਣੀ ਮਿਸਾਲ ਆਪ ਹੀ ਹਨ।

ਪ੍ਰੀਤਮ ਸਿੰਘ ਐਮ.ਏ.
ਸੰਪਾਦਕ ਅਤੇ ਪ੍ਰਕਾਸ਼ਕ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਨਾਨਕ ਪ੍ਰਬੋਧ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਸ੍ਵੈਯਾ

ਯਾ ਜਗ ਮੇ ਜਨਮੈਂ ਜਨ ਸੇ ਜਿਨ ਕਾਜ ਕਰੇ ਭਵ ਆਕਰ ਚੰਗੇ॥ ਸੁਭ ਲੋਗਨ ਕੋ ਸੁਭ ਕਾਰਜ ਹੇਤ ਦਏ ਸੁਭ ਦਾਨ ਬਿਨਾਂ ਮੁਖ ਮੰਗੇ॥ ਕੈ ਗਹ ਤੇਗਾਂ ਗਢੇ ਰਨ ਮੈ ਹਨ ਸੱਤ੍ਰਨ ਸ੍ਰੋਨਤ ਮੈ ਕਰ ਰੰਗੇ॥ ਹਰਿ ਪੂਜਨ ਮੈ ਜਿਨ ਆਯੁ ਦਈ ਸਭ ਯਾ ਬਿਨ ਔਰ ਸੁ ਕੀਟ ਪਤੰਗੇ॥ ਧੰਨ ਅਹੇ ਤਿਨ ਕੀ ਜਨਨੀ ਪੁਨ ਧੰਨ ਪਿਤਾ ਵਡ ਭਾਗ ਵਹੀ ਹੈ॥ ਕ੍ਰਿਤ ਸੁਕ੍ਰਤ ਵੰਡ ਮਹਾਨ ਵਹੀ ਇਤ ਔ ਉਤ ਮੈ ਪਤ ਤਾਂਹਿ ਰਹੀ ਹੈ॥ ਗ੍ਰਹ ਆਸ੍ਰਮ ਕੋ ਫਲ ਤਾਹਿ ਲਯੋ ਰਿਖ ਔ ਮੁਨ ਜਾ ਹਿਤ ਸਾਖ ਕਹੀ ਹੈ॥ ਜਿਨ ਕੇ ਘਰ ਪੂਤ ਭਯੋ ਭਵ ਮੰਡਨ ਖੰਡਨ ਪਾਪ ਉਧਾਰ ਜਹੀ ਹੈ॥ ਸੁਭ ਹੈ ਜਬ ਪਾਤ ਭਏ ਗਰਭਾ ਸੁਭ ਹੈ ਨਰ ਨਾਰਨ ਸੰਗ ਮਿਲਾਏ॥ ਸੁਭ ਪ੍ਰੇਤ ਜਨੇ ਜਨਨੀ ਜਗ ਮੈਂ ਸੁਭ ਹੈ ਗਰਭੇ ਬਹੁ ਕਾਲ ਬਸਾਏ॥ ਸੁਭ ਆਹ ਕਲੀਵ ਭਯੋ ਭਵ ਮੈ ਸੁਭ ਹੈ ਤਨਯਾ ਤਨਤ ਨਿਪਜਾਏ॥ ਗੁਣ ਗਯਾਨ ਬਹੀਨ ਮਲੀਨ ਮਤੀ ਸੁਤ ਨ ਜਨਨੀ ਜਗ ਮਾਹਿ ਜਨਾਏ॥

ਚੌਪਈ

ਪੁਨ ਯਾ ਪ੍ਰਤਿ ਇਕ ਬਚਨ ਉਦਾਰਾ॥ ਗੁਰੂ ਗ੍ਰੰਥ ਇਸ ਭਾਂਤ ਉਚਾਰਾ॥ (ਜਿਹ ਕੁਲ ਪੂਤ ਨ ਗਿਆਨ ਵਿਚਾਰੀ॥ ਬਿਧਵਾ ਕਸਨ ਭਈ ਮਹਤਾਰੀ)॥ ਯਾ ਮੰਤਰ ਮਹਿ ਯਹ ਉਪਦੇਸਾ॥ ਕਹਾ ਗ੍ਰੰਥ ਜੂ ਹਰਨ ਕਲੇਸਾ॥ ਗਯਾਨ ਹੀਨ ਸੁਤ ਜਨੇ ਨ ਮਾਤਾ॥ ਭਲੇ ਬਾਂਝ ਜਗ ਰਹੇ ਵਿਖਯਾਤਾ॥ ਪੁਨਹ ਐਸ ਬਚ ਭਲੇ ਉਚਾਰਾ॥

ਜਨਮ ਸਫਲ ਬਿਨ ਭਗਤ ਪੁਕਾਰਾ॥(ਅਵਤਰ ਆਦਿ ਕਹਾ ਤੁਮ ਕੀਨਾ॥ ਰਾਮ ਕੁ ਨਾਮ ਨ ਕਬਹੂੰ ਲੀਨਾ):-

ਸੋਰਠਾ

ਬਹੁਰ ਫਰੀਦ ਸੁਨਾਇ ਕਹੀ ਗ੍ਰੰਥ ਮਹਿ ਬਾਤ ਯਹ॥ ਧੰਨ ਜਨੰਦੀ ਮਾਇ ਆਏ ਸਫਲ ਸੇ ।ਚੌਪਈ॥ ਹੈ ਵੁਹ ਮਾਤਾ ਧੰਨ ਜਗ ਮਾਹੀ॥ ਮਾਨਸ ਜਨਮ ਫਲ ਸੁਤ ਜਿਹ ਪਾਹੀ॥ ਪੁਨ ਇਕ ਸੰਸਕ੍ਰਿਤ ਕੇ ਮਾਹੀ॥ ਅਹੇ ਸਲੋਕ ਸੰਕ ਕੁਛ ਨਾਹੀ॥ਸੋ ਸੁਨੀਏ ਨੀਕੇ ਮਨ ਲਾਈ॥ਨਿਖਲ ਸੰਦੇਹ ਦੂਰ ਹੁਇ ਜਾਈ॥(ਤਬਾਚ- ਸਲੋਕ ਸਜਾਤੋ ਯੇਨ ਜਾਤੇਨ ਯਾਤਿ ਵੰਸ਼: ਸਮੁੰਨਿ ਤਿਮ ॥ਪਰ ਵਰਤਨਾ ਸੰਸਾਰੇ ਮ੍ਰਿਤ: ਕੋਵਾਨ ਜਾਯਤੇ" ਪੁਨ: (ਗੁਣਿ ਗਣ ਗਣਨਾ ਰੰਭੇਨ ਪਤਤਿ ਕਠਨੀ ਸਸੰਭ੍ਰਮਾਦ ਯਸਯ॥ ਤੇਨਾ ਅੰਬਾ ਯਦਿ ਸੁਤ ਨੀਵ ਦਵੰਧਯ ਕੀ ਦ੍ਰਸ਼ੀ ਭਵਤੀ)॥

ਚੌਪਈ

ਇਨ ਸਲੋਕ ਅੰਤ੍ਰ ਯਹ ਭਾਵਾ॥ਪ੍ਰਗਟ ਮਹਾ ਜਨ ਏਵ ਲਖਾਵਾ॥ਜਾਕੇ ਜਨਮਤ ਕੁਲ ਪ੍ਰਗਟਾਵੈ। ਜਨਮ ਜਗਤ ਬੁਧਿ ਤਾਕੋ ਗਾਵੈ॥ਨਾਤਰ ਆਵਾਗਵਨ ਸੰਸਾਰਾ॥ ਕੋਇ ਨ ਜਨਮਾ ਮ੍ਰਿਤ ਸਿਧਾਰਾ॥ ਗੁਣਵੰਤਨ ਗਨਤੀ ਜਬ ਕੀਜੈ॥ ਜਾਕੋ ਨਾਮ ਨ ਪ੍ਰਥਮੇ ਲੀਜੈ॥ ਹੋਇ ਅਚੰਭਾ ਅੰਗਰ ਡਾਰੇ॥ ਜਾਕੇ ਨਾਮ ਲਿਖਨ ਹਿਤ ਪਿਆਰੇ॥ ਜੋ ਬੰਧਯਾ ਨਹਿ ਤਾਕੀ ਮਾਈ॥ ਤੇ ਦੂਸਰ ਬੰਧਯਾ ਕਸ ਗਾਈ॥ ਤਾਤੇ ਧੰਨ ਜਨਮ ਜਗ ਤਾਕੋ॥ ਰਹੇ ਨਾਮ ਨੇਕੀ ਸੇ ਜਾਕੋ॥ ਜਾਕੇ ਪਾਛ ਕੋਟ ਤਰਾਏ॥ ਆਪ ਜਪੇ ਹਰਿ ਔਰ ਜਪਾਏ॥ ਦੇਸ ਦੇਸ ਮਹਿ ਅਟ ਕਰ ਜਾਂਹੀ॥ ਬਿਨਾ ਅਕਾਲ ਪੁਜਾਯੋ ਨਾਹੀ॥ਸੋਈ ਧੰਨ ਜਗਤ ਮਹਿ ਆਏ॥ ਪਰ ਹਿਤ ਜਨਮ ਜਗਤ ਜਿਹ ਪਾਏ॥ ਯਾ ਸੰਸਾਰ ਮਾਹਿ ਜਨ ਭਾਰੀ॥ ਆਏ ਆਪਨੀ ਆਪਨੀ ਵਾਰੀ॥ ਨਿਜ ਸਕਤੀ ਸਮ ਕਰ ਸਭਿ ਕਾਮਾ॥ ਭਏ ਲੋਪ ਜਗ ਤੇ ਅਬ ਰਾਮਾ॥ ਤਿਉ

ਈਸ਼੍ਵਰ ਕੀ ਇਛਾ ਦੁਆਰੇ॥ ਗੁਰ ਨਾਨਕ ਲੀਨੋ ਅਵਤਾਰੇ॥ ਜਾਹਿ ਸਮਯ ਗੁਰ ਜੂ ਪ੍ਰਗਟਾਏ॥ ਅੰਧਕਾਰ ਤਬ ਥੇ ਜਗ ਛਾਏ॥ ਭਾਰਤ ਭੂਮ ਅਧੋ ਗਤ ਸੇਂਤੀ॥ ਜਾਤ ਰਸਾਤਲ ਥੀ ਭਲ ਜੇਤੀ॥ ਦੇਸ ਉੱਨਤੀ ਰਹੀ ਨ ਸੋਊ॥ ਦੂਸਰ ਧਰਮ ਨ ਜਾਨਤ ਕੋਊ॥ ਜਾਕਾ ਕੁਛਕ ਹਾਲ ਸੁਨ ਲੀਜੇ॥ ਚਿੱਤ ਬ੍ਰਿੱਤ ਅੰਤ੍ਰ ਮੁਖ ਕੀਜੇ॥ ਭਾਰਤ ਕੇ ਰਾਜੇ ਮਹਾਰਾਜੇ॥ ਸਕਲ ਖੋਟਿ ਬੈਠੇ ਨਿਜ ਸਾਜੇ॥ ਰਾਜ ਭਾਗ ਤੇ ਧੋ ਕਰ ਹਾਥਾ॥ ਨਿਰਧਨ ਤਾ ਸੋ ਕੀਨਹੁ ਸਾਥਾ॥ ਆਇ ਬਿਦੇਸੀ ਸਾਹੁ ਚੁਗੱਤਾ॥ ਕਰਤ ਭਯੋ ਇਨ ਕੀ ਅਵਗੱਤਾ॥ ਜਾਕੇ ਦਾਸ ਬਨਾਇ ਝੁਕਾਯੋ॥ ਮਨ ਭਾਵਤ ਸਭ ਕਾਮ ਕਰਾਯੋ॥ ਜੋ ਹਿੰਦੂ ਤੁਰਕਨ ਕੇ ਸੰਗਾ॥ ਨਹਿ ਭੇਟਤ ਥੇ ਅਪਨੇ ਅੰਗਾ॥ ਅਰ ਸਪਰਸ ਤੇ ਕਰਤ ਸਨਾਨਾ॥ ਨਿਜ ਸੇ ਨਿਯੂਨ ਜਾਹਿ ਕੋ ਜਾਨਾ॥ ਤਿਨ ਕੋ ਨਿਜ ਹਾਥਨ ਤੇ ਪਯਾਰੀ॥ ਧਰਤੇ ਲੜਕੀ ਭੇਟ ਅਗਾਰੀ॥ ਜੋ ਹਿੰਦਨ ਨੇ ਦੀਨੇ ਡੋਲੇ॥ ਸੋ ਮਿਲ ਜਾਤ ਤਰੀਖਨ ਫੋਲੇ॥ ਜਹਾਂ ਤਹਾਂ ਧਰਨੀ ਯਹ ਭਾਰਤ॥ ਨਿਜ ਬਲ ਤਯਾਗ ਭਈ ਥੀ ਆਰਤ॥ ਸਸਤਰ ਅਸਤਰ ਵਿੱਦਯਾ ਸਾਰੀ॥ ਸਕਲ ਲੋਕ ਬੈਠੇ ਥੇ ਹਾਰੀ॥ ਦੂਸਰ ਰਹੀ ਧਰਮ ਕੀ ਬਾਤਾ॥ ਸੋ ਤੋ ਗਿਰੀ ਪਾਪ ਕੇ ਖਾਤਾ॥ ਸਕਲ ਲੋਕ ਤਜ ਨਿਜ ਮ੍ਰਯਾਦਾ॥ ਚਲੇ ਆਨ ਪਥ ਤਜ ਕਰ ਲਾਜਾ॥ ਭੂਲੇ ਵੇਦ ਅਰ ਸਿੰਮ੍ਰਿਤ ਸਾਰੇ॥ ਖਟਿ ਦਰਸਨ ਮਨ ਤੇ ਤਜ ਡਾਰੇ॥ ਨਹਿ ਸਿੰਮ੍ਰਿਤ ਕੇ ਮਾਰਗ ਚਲ ਹੈ॥ ਉਪਨਿਖਦਾਂ ਪੈਰਨ ਸੇ ਦਲ ਹੈ॥ ਪਠਤ ਯਾਮਨੀ ਭਾਸ਼ਾ ਸਾਰੇ॥ ਯੋਗ ਅਯੋਗ ਨ ਕੋਇ ਵਿਚਾਰੇ॥

ਛੰਦ

ਯਾਹਿ ਤੇ ਗੁਰ ਗ੍ਰੰਥ ਮਹਿ ਗੁਰ ਆਦਿ ਬਾਣੀ ਕਹੀ।

ਛਤ੍ਰੀਆ ਨੇ ਧਰਮ ਛੋਡਿਆ ਮਲਛ ਭਾਖਾ ਗਹੀ॥

ਚੌਪਈ

ਛੋਡ ਅਕਾਲ ਸਕਲ ਪਤਿ ਜੋਈ। ਆਨ ਆਨ ਮਤ ਚਾਲੇ ਸੋਈ। ਕਾਸਟ ਪਾਹਨ ਜਲ ਕੀ ਪੂਜਾ। ਅਗਨੀ ਵਾਯੂ ਸੂਰਜ ਦੂਜਾ। ਚੰਦਰ ਤਾਰੇ ਨਾਗਰ ਕਾਗਾ। ਪੂਜਤ ਚੀਲ ਗਰੜ ਪਗ ਲਾਗਾ। ਭੈਰੋ ਭੂਤ ਸੀਤਲਾ ਸੇਵੇ। ਚਨੇ ਭਗੋਇ ਗਧੇ ਕੋ ਦੇਵੇ। ਮੰਤਰ ਜੰਤਰ ਜਾਦੂ ਟੂਣੇ। ਲਗੇ ਕਰਨ ਨਰ ਗਯਾਨ ਵਿਹੂਣੇ। ਬਨੇ ਕਰੋੜ ਦੇਵਤਾ ਤੇਤੀ। ਹਨੀ ਬੁੱਧ ਇਨਕੀ ਥੀ ਜੇਤੀ। ਏਕ ਨਿਰੰਜਨ ਅਜ ਅਵਨਾਸੀ। ਨਿਰਾਕਾਰ ਨਿਰਵੈਰ ਪ੍ਰਕਾਸੀ। ਤਾਕੋ ਤਯਾਗ ਔਰ ਕੋ ਲਾਗੇ। ਜਾਂਤੇ ਜਗ ਮਹਿ ਭਏ ਅਭਾਗੇ। ਝੂਠੀ ਜਾਤ ਪਾਤ ਅਰ ਕਰਮਾ। ਮਾਨ ਲੀਏ ਅਪਨੇ ਇਨ ਧਰਮਾ। ਜੰਞੂ ਚੋਟੀ ਧਰਮ ਪਰੋਤੀ। ਸੂਤਕ ਪਾਤਕ ਟਿੱਕਾ ਧੋਤੀ। ਦੇਕਰ ਚੌਕਾ ਕਰਨ ਰਸੋਈ। ਯਹੀ ਧਰਮ ਮਾਨਯੋ ਇਨ ਜੋਈ। ਔਰ ਔਰ ਕੇ ਪੂਜਕ ਹੋਏ। ਨਿਜ ਕਰਤਾ ਕੋ ਦੀਨਾ ਖੋਏ। ਭਯੋ ਹਾਲ ਭਾਰਤ ਕੋ ਐਸਾ। ਕਹਾ ਅਲਪਸਾ ਯਾ ਮਹਿ ਜੈਸਾ। ਯਾਹਿ ਅੰਧੇਰੇ ਹਰਨੇ ਕਾਜਾ। ਗੁਰ ਨਾਨਕ ਸੂਰਜ ਪ੍ਰਭ ਸਾਜਾ। ਭਗਤ ਗਯਾਨ ਪ੍ਰੇਮ ਕੀ ਭਾਰੀ। ਕਿਰਨੇ ਜਾਹਿ ਧਰਾ ਪਰ ਡਾਰੀ। ਮਿਟਯੋ ਅੰਧਕਾਰ ਜਗ ਸਾਰਾ। ਭਯੋ ਪ੍ਰਕਾਸ ਗਯਾਨ ਅਤਿ ਭਾਰਾ। ਜਾਕੇ ਪਰਮ ਪੁਨੀਤ ਅਸੇਸਾ । ਪਰਗਟ ਹੈਂ ਜਗ ਮੈਂ ਉਪਦੇਸਾ। ਜਿਨਮੇ ਸੈਂ ਅਤ ਅਲਪ ਪਿਆਰੇ। ਮੈਂ ਭਾਖਤ ਯਾ ਗ੍ਰੰਥ ਮੁਝਾਰੇ। ਜਹਾਂ ਜਹਾਂ ਜਾਕਰ ਗੁਰ ਭਾਖੇ । ਬਹੁ ਮਾਨਸ ਕੇ ਸੰਸੇ ਨਾਖੇ। ਸੋ ਮੈਂ ਤੁੱਛ ਮਤੀ ਅਨੁਸਾਰਾ। ਭਾਖਤ ਹੂੰ ਉਰ ਤਹਿਬਲ ਧਾਰਾ। ਪੁਨ ਉਪਦੇਸ ਤਿਨੋ ਕੇ ਜੇਤੇ। ਅਕਾਲ ਪੁਰਖ ਭੇਜੇ ਹੈਂ ਤੇਤੇ। ਸੋਈ ਗੁਰ ਲੋਗਨ ਪ੍ਰਤ ਗਾਏ। ਜੋ ਅਕਾਲ ਤਿਨ ਪਾਸ ਪਠਾਏ। ਜੈਸ ਗੁਰ ਨਿਜ ਮੁਖ ਜਹ ਭਾਖਾ। ਸੋਈ ਗੁਰੂ ਗ੍ਰੰਥ ਮਹਿ ਰਾਖਾ।।

ਛੰਦ

ਰਾਗ ਤਿਲੰਗ ਮਹਿ ਗੁਰ ਨਾਨਕ ਯਾ ਬਿਧ ਵਾਕ ਨਿਕਾਲੇ। ਜੈਸੀ ਆਵੈ

ਖਸਮ ਕੀ ਬਾਨੀ ਤੈਸਾ ਕਰੀ ਗਯਾਨ ਵੇ ਲਾਲੋ। ਯਾਤੇ ਪ੍ਰਗਟ ਭਾਵ ਯਹ ਨਿਕਸੇ ਜੋ ਕੁਛ ਸਤਿਗੁਰ ਆਖਾ । ਸੋ ਸੰਪੂਰਨ ਵਹੀ ਗਯਾਨ ਹੈ ਜੋ ਅਕਾਲ ਨੇ ਭਾਖਾ। ਸਗਲ ਜਗਤ ਕੇ ਤਾਰਨ ਕਾਰਨ ਗੁਰ ਨਾਨਕ ਕੀ ਬਾਨੀ। ਚਾਰ ਬਰਨ ਅਰ ਅੰਤ ਜਆਦੂ ਸੁਨਤ ਮੋਖ ਲੇ ਪ੍ਰਾਨੀ। ਜੈਸੇ ਸੂਰਜ ਕੋ ਪਰਕਾਸਾ ਸਕਲ ਹੇਤ ਇਕ ਜੈਸਾ। ਪਰ ਨਿਜ ਚੱਛੂ ਕੇ ਅਨੁਸਾਰੇ ਕਰਤ ਗਯਾਨ ਹਰ ਵੈਸਾ॥

ਚੌਪਈ

ਏਕ ਦੇਸ ਪੁਨ ਕਾਲ ਨ ਜਾਮੈ। ਬਰਨ ਅਬਰਨ ਭੇਦ ਨਹਿ ਤਾਮੈ। ਸਦਾ ਏਕ ਰਸ ਅੰਮ੍ਰਿਤ ਬਾਣੀ। ਹੋ ਮੈ ਰੋਗ ਹਨਤ ਸੁਨ ਪ੍ਰਾਣੀ। ਰਾਗ ਦ੍ਵੈਖ ਤੇ ਸਦਾ ਨਿਆਰੇ। ਸੁਖਦਾਈ ਅਸ ਬੈਨ ਉਚਾਰੇ। ਤਾਂਤੇ ਸੁਨਹੁ ਸੰਤ ਮਨ ਲਾਈ। ਪਰਮ ਪੁਨੀਤ ਗਿਰਾ ਜੋ ਗਾਈ। ਬਾਲ ਵੈਸ ਤੇ ਅੰਤ ਪ੍ਰਜੰਤਾ। ਕਹੂੰ ਸੰਖੇਪ ਤਾਹ ਵਰਤੰਤਾ। ਜਿਲ੍ਹਾ ਲਾਹੌਰ ਮਾਹਿ ਸੁਣ ਲੀਜੇ। ਸਕਰਪੁਰ ਨਾਮ ਤਸੀਲ ਕਹੀਜੇ। ਤਾ ਮਹਿ ਰਾਇ ਭੋਇ ਤਲਵੰਡੀ। ਨਨਕਾਣਾ ਜਹਿ ਕਹਤ ਪ੍ਰਚੰਡੀ। ਤਹ ਮਹਿਤਾ ਕਾਲੂ ਇਕ ਅਹਾ। ਜਹੁ ਘਰ ਜਨਮ ਗੁਰੂ ਨੇ ਲਹਾ। ਜਨਮਤ ਹੀ ਤਿਨ ਕੇ ਚਮਤਕਾਰੇ। ਦਾਈ ਮਾਤ ਅਚੰਭ ਨਿਹਾਰੇ। ਪੁਨ ਪੰਡਤ ਜੋਸ਼ੀ ਯਹ ਗਾਯੋ। ਯਹ ਅਵਤਾਰ ਪੁਰਖ ਕੋ ਆਯੋ। ਕਰ ਹੈ ਬਹੁ ਲੋਗਨ ਕਲਯਾਨ। ਕਰੇ ਏਕ ਮੋਟੈ ਮਤ ਨਾਨਾ। ਸੁਨ ਯਹ ਬਾਤ ਤਾਤ ਹਰਖਾਯੋ। ਯਥਾ ਜੋਗ ਤਿਹ ਦਾਨ ਦਿਵਾਯੋ। ਇਸੀ ਪ੍ਰਕਾਰ ਕੀਲ ਕੁਛ ਗਯੋ। ਮਾਤ ਗੋਦੇ ਗੁਰ ਖੇਲਤ ਕਹਿਯੋ ਬੈਠਨ ਚਲਨ ਜਬੀ ਭਲ ਲਾਗੇ। ਅਧਭੁਤ ਰੂਪ ਦੇਖ ਅਨੁਰਾਗੇ। ਨਹ ਬਾਲਨ ਸੰਗ ਖੇਲੇ ਜਾਈ। ਰੋਣ ਖਿਝਨ ਨਹਿ ਮਨ ਮਹਿ ਰਾਈ। ਜਾਇ ਇਕਾਗਰ ਤਾੜੀ ਲਾਵੈ। ਨਹਿ ਬੋਲੈ ਨਹਿ ਕਿਸੇ ਬੁਲਾਵੈ। ਖਾਨ ਪੀਨ ਕੋ ਕਬੀ ਨ ਮਾਂਗੈ। ਅਕਾਲ ਅਰਾਧਨ ਮਹਿ ਮਨ ਰਾਂਗੈ। ਔਰ ਬਾਤ ਕੁਛ ਆਵਤ ਨਾਹੀ। ਸੱਤ ਕਰਤਾਰ ਮੁਖੇ ਉਚਰਾਹੀ। ਔਰ ਖੇਲ ਮਨ ਕੋ ਨਹਿ ਭਾਵੈ। ਸੱਤ ਕਰਤਾਰ ਗਾਇ ਸੁਖ ਪਾਵੈ। ਦੇਖ ਦਿਸਾ ਯਹ ਨੱਗ੍ਰ ਨਿਵਾਸੀ। ਜਾਨਤ ਹਾਂ ਪੁਰਖ ਸੁਖਰਾਸੀ॥

ਪਾਧਾ ਪ੍ਰਬੋਧ

ਦੋਹਿਰਾ

ਮਹਾਂ ਪੁਰਖ ਕੀ ਚੇਸ਼ਟਾ ਹੋਤ ਵਿਲੱਖਨ ਨੀਤ।
ਅੰਨ ਜੀਵ ਸਮ ਹੋਤ ਨਹਿ ਤਾਕੇ ਚੰਚਲ ਚੀਤ॥

ਚੌਪਈ

ਯਾਤੇ ਗੁਰ ਨਾਨਕ ਕੀ ਲੀਲਾ। ਰਹੀ ਵਿਲੱਖਨ ਸੁਭ ਗੁਨ ਸੀਲਾ। ਇਸੀ ਭਾਂਤ ਕੁਛ ਕਾਲ ਬਿਤਾਯੋ। ਸਾਤ ਸਾਲ ਮਹਿ ਪਾਦ ਟਿਕਾਯੋ। ਤਬੀ ਪਿਤਾ ਨਿਜ ਧਰਮਨੁਸਾਰੇ। ਵਿੱਦਯਾ ਦੇਨ ਚਹੀ ਗੁਰ ਭਾਰੇ। ਏਕ ਦਿਵਸ ਗੁਰ ਕੋ ਸੰਗੇ ਲੀਨ। ਜਾ ਪੰਡਤ ਕੋ ਦਰਸਨ ਦੀਨੋ। ਪਕੜ ਬਾਂਹ ਪੰਡਤ ਕੇ ਆਗੇ। ਖੜੇ ਕਰੇ ਗੁਰ ਤਾਤ ਸੁਭਾਗੇ। ਕਹਾ ਬੈਨ ਪਾਧੇ ਪ੍ਰਤਿ ਐਸਾ। ਉਚਤ ਤਾਤ ਕੋ ਹੋਵਤ ਜੈਸਾ। ਇਸ ਬਾਲਕ ਕੋ ਆਪ ਪੜ੍ਹਾਵੋ। ਧਰਮ ਕਰਮ ਕੀ ਰੀਤ ਦਿੜਾਵੋ। ਸੁਨ ਪੰਡਤ ਮਨ ਮੈ ਏਹੀ ਬਿਚਾਰੋ। ਗੁਰ ਬਾਲਨ ਕੋ ਬੀਚ ਬਠਾਯੋ । ਛੋਡ ਤਾਤ ਨਿਜ ਧਾਮ ਸਧਾਰਾ। ਉਤ ਪਾਧੇ ਅਸ ਬੈਨ ਉਚਾਰਾ। ਹੇ ਨਾਨਕ ਪੜ੍ਹ ਅੱਖਰ ਏਹੀ। ਵਿੱਦਯਾ ਦਾਨ ਤੋਹਿ ਹਮ ਦੇਹੀ। ਲੈਕਰ ਕਲਮ ਸਿਆਹੀ ਸੰਗਾ। ਕਾਗਤ ਪਰ ਲਿਖ ਅੱਖਰ ਚੰਗਾ॥

ਦੋਹਿਰਾ

ਸੁਨ ਪੰਡਤ ਕੇ ਕਥਨ ਕੋ ਬੋਲੇ ਬਚਨ ਰਸਾਲ।
ਹੇ ਪੰਡਤ ਤੁਮ ਕਯਾ ਪੜ੍ਹੇ ਭਾਖੋ ਮੋਹਿ ਦਿਆਲ॥

ਚੌਪਈ

ਪਾਧੇ ਕਹਾ ਵਿੱਦਯਾ ਸਾਰੀ। ਭਲੀ ਭਾਂਤ ਮੈ ਪਠੀ ਵਿਚਾਰੀ। ਵੇਦ ਪੁਰਾਨੋਂ ਸਾਸਤਰ ਕੇਤੇ। ਮੈਨੇ ਪੁਠੇ ਉਪਨਖਿਦ ਜੇਤੇ। ਪੁਨਾ ਗਣਤ ਜੋਤਸ਼ ਮੈਂ ਜਾਨੋਂ ਬਯਾਕਰਣ ਪਿੰਗਲ ਭਲ ਮਾਨੋਂ। ਇਤਆਦਿਕ ਵਿੱਦਯਾ ਹੈ ਜੇਤੀ। ਮੈਨੇ ਪੜ੍ਹੀ

ਬਾਲ ਯਹ ਤੇਤੀ। ਸੁਨਤ ਬਾਤ ਪੰਡਤ ਕੀ ਏਹੀ। ਹਸੇ ਧਰਮ ਧੁਜ ਪੁਰਖ ਬਿਦੇਹੀ। ਫਿਰ ਪੰਡਤ ਪ੍ਰਤਿ ਐਸ ਅਲਾਯੋ। ਤਤ ਗਯਾਨ ਨੀਕੇ ਸਮਝਾਯੋ। ਹੇ ਪੰਡਤ ਜੋ ਤੋਹ ਸੁਨਾਯੋ। ਯਹ ਪੜ੍ਹਨਾ ਪੜ੍ਹਨਾ ਨਹਿ ਗਾਯੋ। ਸਾਚੋ ਪਠਨ ਸੁਨੋ ਤੁਮ ਮੋ ਸੋ। ਜਾ ਕਰ ਮਿਲੇ ਅਕਾਲ ਸੁ ਤੋਸੋ। ਯਹ ਉਪਦੇਸ ਤਾਂਹਿ ਮਤਿ ਭੂਲੋ॥

ਜਾਲ ਮੋਹ ਘਸ ਮਸ ਕਰ ਮਤ ਕਾਗਦ ਕਰਸਾਰ।
ਭਾਉ ਕਲਮ ਕਰ ਚਿਤ ਲਖਾਰੀ ਗੁਰ ਪੁਛ ਲਿਖ ਬੀਚਾਰੁ।
ਲਿਖ ਨਾਮ ਸਲਾਹ ਲਿਖ ਲਿਖ ਅੰਤ ਨ ਪਾਰਾਵਾਰ।
ਬਾਬਾ ਇਹ ਲੇਖਾ ਲਿਖ ਜਾਣ।
ਜਿਥੇ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥

ਚੌਪਈ

ਯਾਹਿ ਸਬਦ ਮਹਿ ਅਸ ਉਪਦੇਸਾ। ਕਹਾ ਗੁਰ ਤੇ੍ ਲੋਕ ਨਿਰੇਸਾ। ਗਯਾਨ ਅਗਨ ਸੋ ਜਾਲ ਅਗਯਾਨਾ। ਕਰ ਸਯਾਹੀ ਪੰਡਤ ਪਰਧਾਨਾ। ਨਿਰਮਲ ਬੁੱਧਿ ਕਰੋ ਤੁਮ ਕਾਗਰ। ਭਾਉ ਕਲਮ ਕਰ ਬ੍ਰਿੱਤ ਇਕਾਗਰ। ਚਿੰਤਨ ਕਰ ਹੈ ਚਿੱਤ ਲਿਖਾਰੀ। ਉਪਦੇਸਕ ਪੁਛ ਲਿਖ ਬੀਚਾਰੀ। ਨਾਮ ਅਕਾਲ ਤਾਂਹਿ ਵਡਿਆਈ। ਲਿਖ ਅੰਤ ਨ ਪਾਰ- ਵਾਰ ਜਹਿ ਪਾਈ। ਯਹ ਲੇਖਾ ਬਾਬਾ ਲਿਖ ਜਾਣੋ। ਸੱਚ ਖੰਡ ਮਹਿ ਸੱਚ ਨੀਸਾਣੋ। ਯਹ ਵਿੱਦਯਾ ਸਾਚੀ ਜਗ ਮਾਹੀਂ। ਜਾਕੇ ਸਮਸਰ ਦੂਸਰ ਨਾਹੀਂ। ਆਨ ਪਠਨ ਸਭ ਜਗ ਪਰਚਾਵਾ। ਨਾਂਹਿ ਅਕਾਲ ਤਾਂਹਿ ਤੇ ਪਾਵਾ। ਸੁਨਤ ਬੈਨ ਅਸ ਪਰਮ ਪੁਨੀਤਾ। ਗਯਾਨ ਰਿਦੇ ਪੰਡਤ ਲਖ ਲੀਤਾ। ਕਹਾ ਤਾਤ ਕੋ ਤਹਿ ਸਮਝਾਹੀ। ਯਹ ਅਵਤਾਰ ਤੋਹਿ ਘਰ ਆਹੀ। ਗੁਰੂ ਤਾਤ ਯਹਿ ਕਹਿ ਸਮਝਾਯੋ। ਯਹਿ ਅਵਤਾਰ ਤੋਹਿ ਘਰ ਆਯੋ॥

ਯਗਯੋਪਵੀਤ ਪ੍ਰਬੋਧ

ਚੌਪਈ

ਨੌ ਸਾਲ ਕੀ ਗੁਰ ਕੀ ਦੇਹਾ। ਭਈ ਤਾਤ ਮਨ ਉਪਜੀ ਏਹਾ ।ਸੰਸਕਾਰ ਇਨਕੋ ਅਬ ਕਰੀਏ। ਦ੍ਵਿਜ ਪਦਵੀ ਯਾਕੇ ਸਿਰ ਧਰੀਏ। ਪਾਇ ਜਨੇਊ ਹੋਤ ਕ੍ਰਿਤਾਰਥ ਜੈਸੇ ਕਰੇ ਸਨਾਤਨ ਰੀਤੀ ਭਾਰਤ। ਯਹ ਵਿਚਾਰ ਕਰ ਸਕਲ ਸਮਾਨਾ। ਤਬੀ ਤਾਤ ਨਿਜ ਘਰ ਮਹਿ ਆਨਾ। ਪੁਨ ਪੰਡਤ ਵਿਦ੍ਵਾਨ ਉਦਾਰਾ । ਕੁਲ ਕੋ ਬ੍ਰਾਹਮਨ ਲੀਨ ਹਕਾਰਾ ।ਆਯੋ ਪੰਡਤ ਜਬ ਘਰ ਮਾਹੀ। ਜੰਞੂ ਰੀਤ ਕਰਨ ਤਿਨ ਚਾਹੀ। ਦੇ ਚੌਕਾ ਸਭ ਸਾਜ ਸਜਾਏ। ਬੈਠੇ ਆਸਨ ਖੂਬ ਬਛਾਏ। ਗੁਰ ਨਾਨਕ ਜੂ ਅੱਗ੍ਰ ਬਠਾਏ। ਯਾ ਬਿਧ ਦਿਜ੍ਰ ਮੁਖ ਬੈਨ ਅਲਾਏ। ਹੇ ਨਾਨਕ ਜੰਞੂ ਯਹ ਪਾਵੇ। ਖੱਤ੍ਰੀ ਧਰਮ ਕਰਮ ਮਹਿ ਆਵੋ। ਹੋਹ ਸੁੱਧ ਯਾਕੋ ਪਹਿਰਾਏ। ਆਜ ਲਗੇ ਸੂਦਰ ਤੁਮ ਗਾਏ। ਦੇਵ ਮਨਾਇ ਗਰੇ ਪਹਿਰਾਵਹੁ। ਜਾਤੇ ਦਰਗਹਿ ਮਹਿ ਪਾਵਹੁ। ਸੁਨਤ ਗੁਰੂ ਬੋਲੇ ਦਿਜ੍ਵਰ। ਯਹ ਜੰਞੂ ਨਹਿ ਈਸ੍ਵਰ ਕੇ ਦਰ ਯਹ ਤਾਗਾ ਮਾਨਸ ਰਚ ਲੀਨਾ। ਨਹੀ ਈਸ ਨੇ ਯਾਕੋ ਦੀਨਾ। ਸਾਥ ਨ ਆਯਾ ਸਾਥ ਨ ਜਾਏ। ਟੂਟ ਜਾਇ ਤੋ ਔਰ ਪਹਿਰਾਏ। ਯੌ ਕਹ ਕਰ ਯਹ ਸਬਦ ਉਚਾਰ। ਦ੍ਵਿਜ ਕੋ ਮੋਹ ਸਕਲ ਹਨ ਡਾਰਾ।।

ਚੌਕੜ ਮੁਲਿ ਅਣਾਇਆ ਬਹਿ ਚਉਕੇ ਪਾਇਆ।। ਸਿਖਾਂ ਕੰਨ ਚੜਾਈਆ ਗੁਰ ਬ੍ਰਹਮਣ ਥੀਆ।। ਓਹ ਮੁਆ ਓਹ ਝੜਿ ਪਿਆ ਵੇਤਗਾ ਗਇਆ।। ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲ।। ਲਖ ਠਗੀਆਂ ਪਹਿਨਾਮੀਆ ਰਾਤ ਦਿਨਸੁ ਜੀਆ ਨਾਲਿ।। ਤਗੁ ਕਪਾਹੁ ਕਤੀਐ ਬ੍ਰਾਹਮਣੁ ਵਟੇ ਆਇ।। ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ।। ਹੋਇ ਪੁਰਾਣਾ ਸੁਟੀਐ ਭੀ ਫਿਰਿ

ਪਾਇਐ ਹੋਰੁ॥ ਨਾਨਕ ਤਗੁ ਨ ਤੁਟਈ ਜੇ ਤਗੇ ਹੋਵੈ ਜੋਰੁ॥

ਚੌਪਈ

ਪੁਨੀਤ ਭਾਵ ਮੰਤ੍ ਇਸ ਕੇਰਾ। ਗੁਰ ਨਾਨਕ ਪੰਡਤ ਪ੍ਰਤਿ ਟੇਰਾ। ਕਹਾ ਜਨੇਊ ਯਹ ਨਹ ਕਹੀਏ। ਜੋ ਦੇ ਮੋਲ ਬਜਾਰੋਂ ਲਈਏ। ਚੌਕੇ ਬੈਠ ਗਲੇ ਪਹਿਰਾਵੈ। ਪਹਿਰਾਵਨਹਾਰ ਗੁਰੂ ਬਨ ਜਾਵੈ। ਤਾ ਪਹਿਰਨ ਕੀ ਯਹ ਵਡਿਆਈ ।ਦੇਹੀ ਸਹਤ ਜਗਤ ਠਹਰਾਈ। ਪਹਿਰਨਹਾਰ ਜਬੀ ਮਰ ਗਯੋ। ਯਹ ਤਾਗਾ ਤਬੀ ਝਰ ਪਯੋ। ਨਹਿ ਆਤਮ ਕੇ ਸੰਗ ਪਿਧਾਯੋ। ਵੇਤੱਗਾ ਯਮ ਲੋਕ ਸਿਧਾਯੋ। ਪਰ ਆਤਮ ਕੇ ਜੋਊ ਕਰਮਾ। ਸੁਭ ਅਸੁਭ ਕੀਨੇ ਜੋ ਧਰਮਾ। ਲਖ ਚੋਰੀ ਯਾਰੀ ਬਚ ਕੂੜੇ। ਲਖ ਠੱਗੀ ਪਹਿਨਾਮੀ ਮੂੜੇ। ਰਾਤ ਦਿਨਸ ਆਤਮ ਕੇ ਸੰਗਾ। ਰਹਤ ਨ ਕਬਹੂੰ ਹੋਵਤ ਭੰਗਾ।ਪੁਨ ਆਤਮ ਕੇ ਸੰਗ ਸਿਧਾਏ।ਲੋਕ ਪ੍ਰਲੋਕਨ ਤਾਹਿ ਤਜਾਏ।ਜੇਕਰ ਧਰਮ ਹੋਤ ਯਹ ਤਾਗਾ। ਅੰਤ ਕਾਲ ਕਿਉ ਜਾਵਤ ਤਯਾਗਾ। ਯਹ ਤੋ ਤੱਗ ਕਪਾਹੋਂ ਕੀਆ। ਬ੍ਰਾਹਮਨ ਕੇ ਹਾਥਨ ਵਟ ਦੀਆ।ਪੁਨ ਸਬ ਕੋਈ ਗਰੇ ਪਹਿਰਾਵੈਂ।ਮਾਰਤ ਬਕਰਾ ਭੇਟ ਚਢਾਵੈਂ। ਜਾਕੋ ਮਾਰ ਪੂਜ ਹੈਂ ਦੇਵਾ। ਮਿਲ ਸਭ ਖਾਤ ਜਾਨ ਭਲ ਭੇਵਾ। ਹਿੰਸਾ ਕਰਤ ਨਹਿ ਮਨ ਮਹਿ ਡਰਹੈਂ। ਵਿਧੀ ਦੇਵ ਪੂਜਨ ਕੀ ਰਰਹੈਂ। ਤਾਤੇ ਯਹ ਨਹਿ ਜੰਞੂ ਸਾਚੋ। ਕਲਪਤ ਧਰਮ ਲਖੋ ਮਨ ਕਾਚੋ। ਹੋਇ ਪੁਰਾਨਾ ਧਰ ਪਰ ਡਾਰੇ। ਤਾਂਕੀ ਜਗਹ ਔਰ ਗਰ ਧਾਰੇ। ਜੇ ਤਾ ਮਹਿ ਹੋਵੈ ਸਤਤਾਈ। ਕਿਉ ਤੂਟੈ ਪਲ ਮਹਿ ਸੁਨ ਭਾਈ। ਸਮਰੱਥ ਹੀਨ ਤਾਤੇ ਯਹ ਹਈਯੇ। ਐਸੋ ਜੰਞੂ ਮੋਹਿ ਨ ਚਹੀਜੇ। ਸੱਤ ਵੱਖਰ ਕੋ ਮੈਂ ਬਨਜਾਰਾ। ਸਕਲ ਜਗਤ ਕੇ ਜੋਇ ਅਧਾਰਾ। ਸੂਤਰ ਕੇ ਜੰਞੂ ਨਹਿ ਕਾਮਾ। ਜੋ ਪ੍ਰਲੋਕ ਮਹਿ ਦੇਤ ਨ ਧਾਮਾ । ਤਾਂਤੇ ਸੁਨ ਪੰਡਤ ਪਰਬੀਨਾ। ਯਹ ਜੰਞੂ ਮੁਹਿ ਭਾਵ ਕਬੀਨਾ। ਨਹੀ ਧਰਮ ਕੀ ਜਾਮੈ ਬਾਤਾ । ਸੂਤਰ ਕੋ ਧਾਗਾ ਵਿਖਯਾਤਾ॥

ਦੋਹਿਰਾ

ਸੁਨ ਪੰਡਤ ਮਨ ਮਹਿ ਰਿਸਯੋ ਬੋਲਯੋ ਬਚਨ ਸੁ ਕੋਪ।
ਧਰਮ ਸਨਾਤਨ ਹਿੰਦ ਕੋ ਕਰਨ ਲਗਯੋ ਤੂੰ ਲੋਪ॥

ਚੌਪਈ

ਵੇਤਗਾ ਤੁਮ ਰਹਿਨਾ ਚਾਹੋ ।ਕਹਤ ਯਾਹ ਕੋ ਸੂਤ ਕਪਾਹੋ। ਕੋ ਹਿੰਦੂ ਯਾ ਬਿਨ ਹੈ ਰਹਤਾ । ਤੋਹ ਸਮਾਨ ਕੌਨ ਹੈ ਕਹਤਾ। ਬਿਨਾ ਤੱਗ ਸੂਦਰ ਚੰਡਾਲਾ। ਧਰਮ ਭ੍ਰਿਸਟ ਵਹੁ ਮਹਾਂ ਕੁਚਾਲਾ। ਯਹ ਤੋ ਸਾਸਤਰ ਕੀ ਹੈ ਰੀਤੀ। ਜਾਕੋ ਛੋਡਤ ਕਰਤ ਅਨੀਤੀ। ਤਾਂਤੇ ਤੱਗ ਹੀਨ ਕਤ ਹੋਵੇ। ਧਰਮ ਸਨਾਤਨ ਕੋ ਨਹਿ ਖੋਵੇ। ਸਕਲ ਲੋਕ ਪਹਿਰਤ ਹੈਂ ਜਾਤੇ। ਤਯਾਗਨ ਜੋਗ ਤੋਹ ਨਹਿ ਤਾਂਤੇ॥

ਦੋਹਿਰਾ

ਜਬ ਪੰਡਤ ਯਾ ਬਿਧ ਕਹਯੋ ਤੱਗ ਬਿਨਾ ਨਹ ਕੋਇ।
ਹਿੰਦੂ ਰਹਿਤੇ ਭੂਮ ਮਹਿ ਤਜਹੁ ਸੁ ਪਾਤਕ ਹੋਇ॥
ਬੋਲੇ ਗੁਰ ਕਰਨਾ ਨਿਧੀ ਨਹੀਂ ਸੱਤ ਯਹਿ ਬਾਤ।
ਬਿਨਾ ਤੱਗ ਸਭ ਦੇਖੀਏ ਜਾਵਤ ਜਗਤ ਵਖਯਾਤ॥

ਚੌਪਈ

ਜੇਕਰ ਤੱਗ ਧਰਮ ਹੈ ਤੇਰਾ। ਯਾ ਬਿਨ ਰਹਤ ਧਰਮ ਤੇ ਕੋਰਾ। ਤੌ ਬੇਤੱਗੋ ਹੈ ਨਰ ਜੋਈ। ਕਹਾਂ ਧਰਮ ਕੋ ਪਾਵੈ ਸੋਈ। ਫਿਰ ਉਪਦੇਸ ਪੰਡਤ ਪ੍ਰਤਿ ਗਾਯੋ। ਬਿਨਾ ਜਨੇਊ ਭਾਖ ਸੁਨਾਯੋ। ਜਾਕੇ ਭਰਮ ਕੀ ਹਾਨੀ। ਕਰਤ ਜਗਤ ਮਹਿ ਨਰ ਸੁਰ ਗਯਾਨੀ॥

ਤਗੁ ਨ ਇੰਦ੍ਰੀ ਤਗੁ ਨ ਨਾਰੀ। ਭਲਕੇ ਥੁਕ ਪਵੈ ਨਿਤ ਦਾੜੀ। ਤਗੁ ਨ ਪੈਰੀ ਤਗੁ ਨ ਹਥੀ। ਤਗੁ ਨ ਜਿਹਵਾ ਤਗੁ ਨ ਅਖੀ। ਵੇਤਗਾ

ਆਪੇ ਵਤੈ। ਵਟਿ ਧਾਗੇ ਅਵਰਾ ਘਤੈ। ਲੈ ਭਾੜਿ ਕਰੇ ਵੀਆਹੁ। ਕਢ ਕਾਗਲੁ ਦਸੇ ਰਾਹੁ। ਸੁਣਿ ਵੇਖਹੁ ਲੋਕਾ ਏਹੁ ਵਿਡਾਣੁ। ਮਨ ਅੰਧਾ ਨਾਉ ਸੁਜਾਣੁ॥

ਚੌਪਈ

ਯਾਹਿ ਸਬਦ ਮਹਿ ਭਾਵ ਪੁਨੀਤਾ। ਕਹਾ ਗੁਰੂ ਜੀ ਪਰਮ ਸੁਨੀਤਾ। ਵਿਖਯਾ ਰੂਢ ਇੰਦ੍ਰੀ ਜੋਈ। ਤਾ ਕੋ ਤੱਗ ਨ ਪਾਵਤ ਕੋਈ। ਪੁਨ ਜੋ ਅਰਧ ਸਰੀਰੀ ਨਾਰੀ। ਬਿਨਾ ਤੱਗ ਵਹੁ ਰਹਤ ਬੀਚਾਰੀ। ਜਾਤੇ ਹੈ ਵਹੁ ਸੂਦਰ ਜਾਮਾ। ਤੁਹਿ ਘਰ ਕਰਤ ਰਸੋਈ ਕਾਮਾ। ਤਾਕੀ ਕਰੀ ਰਸੋਈ ਪਾਵੈ। ਸੋ ਦ੍ਵਿਜ ਕਿਹ ਬਿਧ ਤੇ ਕਹਲਾਵੈ। ਜੋ ਮੁਖ ਅਨਥਾ ਬੋਲਨ ਹਾਰਾ। ਥੁਕ ਥੁਕ ਭਰਤ ਥੁਕ ਸੇ ਵਾਰਾ। ਤਿਸਕੇ ਸੁੱਧ ਕਰਨ ਕੇ ਤਾਈਂ। ਜੰਞੂ ਕਾਹਿ ਪਹਿਰਾਵੋ ਨਾਹੀਂ। ਚਲਤ ਕੁਮਾਰਗ ਪਾਵ ਤੁਸਾਰੇ। ਕਰਤ ਹਾਥ ਅਤ ਪਾਪ ਕਰਾਰੇ। ਤਿਨ ਰੋਕਨ ਕਉ ਤੱਗ ਨ ਪਾਯੋ ਕਹੋ ਧਰਮ ਕਿਸ ਹੇਤ ਰਹਾਯੋ। ਨਹ ਜੀਭਾ ਮੀਹ ਅਹੇ ਜਨੇਊ। ਬਾਦ ਬਿਬਾਦ ਕਰਤ ਹੈ ਜੇਊ। ਪੁਨ ਨੇਤ੍ਰ ਪਰ ਧਨ ਪਰ ਨਾਰੀ। ਦੇਖ ਲੁਭਾਇਮਾਨ ਹਇ ਭਾਰੀ। ਨਹੀਂ ਤਾਹ ਕੇ ਜੰਞੂ ਕੋਈ। ਧਰਮ ਓਰ ਜਾਤੇ ਵਹੁ ਹੋਈ। ਵੇਤੱਗ ਤੁਮ ਆਪ ਕਹਾਵੋ। ਵਟ ਧਾਗੇ ਅਵਰਾ ਗਲ ਪਾਵੋ। ਬਿਨਾ ਟਕੇ ਨਹ ਕਰੋ ਬਿਵਾਹਾ। ਪਰੋ ਲੋਭ ਕੋ ਗਰ ਮਹਿ ਫਾਹਾ। ਕਢ ਕਾਗਤ ਅਵਰਾ ਸਮਝਾਵੋ। ਜੋ ਕੁਝ ਲਿਖਾ ਨ ਆਪ ਕਮਾਵੋ। ਅਹੋ ਅਚੰਭਾ ਯਹ ਵਡਿਆਈ। ਨਿਜ ਘਰ ਕੀ ਕੁਛ ਸਾਰ ਨ ਪਾਈ। ਮਨ ਅੰਧਾ ਬਿਨ ਗਯਾਨ ਜਿ ਆਹੀਂ। ਤੇ ਸੁਜਾਨ ਜਗ ਮਹਿ ਕਹਾਹੀਂ। ਤਾਤੇ ਯਹ ਜੰਞੂ ਅਤਿ ਕਾਚੋ। ਸਮਦਮ ਪਹਰੋ ਜਗ ਮਹਿ ਸਾਚੋ। ਮਨ ਕੀ ਬੁਰੀ ਬਾਸਨਾ ਜੇਤੀ। ਹਾਨ ਕਰੋ ਬਲ ਧਾਰ ਸੁਤੇਤੀ। ਦਮਨ ਕਰੋ ਇੰਦ੍ਰੇ ਬਲਵਾਨਾ। ਜਾਤੇ ਪਾਵਹੁ ਪਦ ਨਿਰਬਾਨਾ। ਮਾਨਸ ਜਨਮ ਧਾਰਨੇ ਕੇਰਾ। ਯਹੀ ਧਰਮ ਬੁਧ ਜਨ ਨੇ ਟੇਰਾ। ਸੱਤ ਧਰਮ ਕੀ ਰੀਤ ਸਿਖਾਵੋ। ਸੁਭ ਮਾਰਗ

ਮਹਿ ਸਕਲ ਚਲਾਵੇ ਯਾ ਉਪਾਧੀ। ਦੂਸਰ ਧਰਮ ਸਨਾਤਨ ਨਾਂਹੀ। ਪੁਰਖਨ ਰਚਾ ਦੇਖੀਏ ਤਾਂਹੀ। ਹਮਰੋ ਸੂਤ੍ਰ ਰਮ ਨਹਿ ਹਈਏ। ਪਰਮ ਅਕਾਲ ਅਰਾਧਨ ਕਹੀਏ। ਜਾਤੇ ਯਾ ਕੀ ਲੋਰ ਨ ਮੋਹੀ। ਕਹੀ ਸਾਚ ਗਾਥਾ ਮੈਂ ਤੋਹੀ। ਈਸੂਰ ਨੇ ਜੋ ਦੀਨ ਜਨੇਊ। ਪਾਵਤ ਹੈ ਬੁਧ ਜਨ ਗੁਰ ਤੇਊ। ਜੋ ਦਰਗਹਿ ਮਹਿ ਪਤ ਪ੍ਰਗਟਾਏ। ਸਰਬ ਕਾਲ ਮਹਿ ਹੋਇ ਸਹਾਏ॥

ਦੋਹਿਰਾ

ਹੋਇ ਅਚੰਭਾ ਬਿੱਪ ਤਬ ਲਾਗੋ ਕਰਨ ਬਖਾਨ।
ਅਹੇ ਬਚਨ ਇਸ ਕੇ ਭਲੇ ਕਰਨ ਹੇਤ ਕਲਿਆਨ॥

ਚੌਪਈ

ਚੌਥੇ ਪਦ ਕੋ ਜਹਿ ਉਪਦੇਸਾ । ਕਰਤ ਬਾਲ ਨਹਿ ਕਛੂ ਸੰਦੇਸਾ। ਭੂਲ ਦ੍ਰਿਸਟ ਯਾ ਕੀ ਨਹਿ ਪਈਏ। ਅੰਤਰ ਮੁਖ ਬ੍ਰਿਤੀ ਇਸ ਹਈਏ। ਸਿੰਮ੍ਰਿਤ ਵੇਦ ਪੁਰਾਨ ਗਿਆਨਾ। ਪੁਨ ਦਰਸਨ ਕੇ ਜੋ ਮਤਿ ਨਾ ਨਾ। ਜਾਹਿ ਪੁਰਖ ਕੋ ਸਭ ਪ੍ਰਤਿਪਾਦੇ। ਅਜ ਅਬਿਨਾਸੀ ਕਹਤ ਅਨਾਦੇ। ਤਾਹਿ ਪੁਰਖ ਮਹਿ ਸਹਜ ਸੁਭਾਵਾ। ਅਹੇ ਨਿਵਾਸ ਯਾਹਿ ਭੁਲ ਭਾਵਾ। ਅਹ ਅਵਤਾਰ ਪੁਰਖ ਬਰ ਬੰਡਾ। ਕਰੇ ਏਕ ਮਤ ਤਜੇ ਪਖੰਡਾ। ਐਸੇ ਮਨ ਮਹਿ ਕੀਨ ਵਿਚਾਰੇ। ਪ੍ਰਗਟ ਗੁਰੂ ਪ੍ਰਤਿ ਐਸ ਉਚਾਰੇ। ਕੌਣ ਜਨੇਊ ਸਾਚੋ ਹਈਏ। ਧਾਰਨ ਕਰਨ ਜੀਵ ਕੋ ਚਹੀਏ। ਜਾਤੇ ਇਸ ਧਾਗੇ ਕੋ ਤਿਆਗੇ। ਤਾਂਹਿ ਜਨੇਊ ਮਹਿ ਮਨ ਲਾਗੇ। ਹੋਇ ਧਰਮ ਕੀ ਹਾਨ ਨ ਜਾਤੇ। ਤੱਗ ਹੀਨ ਕਹਿਲਾਇ ਨ ਵਾਤੇ। ਸੋ ਮੋ ਪ੍ਰਤਿ ਅਬ ਵਰਨਨ ਕਰੀਏ। ਸਕਲ ਜਨੋਂ ਕੇ ਸੰਸੇ ਹਰੀਏ॥

ਦੋਹਿਰਾ

ਸੁਨਤ ਗੁਰੂ ਵਰਨਨ ਕੀਆ ਸਾਚ ਜਨੇਊ ਰੂਪ।
ਜਾਕੇ ਧਾਰਨ ਕਰਨ ਤੇ ਮਿਟੇ ਪਾਪ ਗਨ ਕੂਪ॥

ਚੌਪਈ

ਹੇ ਪੰਡਤ ਅਥ ਸਰਵਨ ਕੀਜੇ। ਧਰਮ ਜਨੇਊ ਯੌਂ ਪਹਿਰੀਜੇ।
ਜਾਕੇ ਬਲ ਤੇ ਤਾਪ ਨਿਵਾਰੇ। ਇਤ ਉਤ ਹੋਇ ਸਹਾਇਕ ਥਾਰੇ।।

ਦਇਆ ਕਪਾਹੁ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।। ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।। ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ।। ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।। ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ।। ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ।।

ਚੌਪਈ

ਯਾ ਬਿਧ ਕਰੋ ਜਨੇਊ ਪਿਆਰੇ। ਸਕਲ ਜੀਵ ਕੇ ਜੋ ਨਿਸਤਾਰੇ। ਪੁਨ ਯਹ ਨਹੀਂ ਦੇਹ ਕੋ ਹਈਏ। ਸੰਸਕਾਰ ਆਤਮ ਕੋ ਪਈਏ। ਸਕਲ ਭੂਤ ਪਰ ਦਯਾ ਕਰਾਵੇ। ਨਿਰ ਅਪਰਾਧ ਨ ਕਿਸੇ ਦੁਖਾਵੇ। ਯਹੀ ਦਯਾ ਸਭ ਧਰਮਨ ਮੂਲਾ। ਔਰ ਸਕਲ ਯਾਕੇ ਫਲ ਫੂਲਾ। ਯਥਾ ਲਾਭ ਸੰਤੁਸ਼ਟ ਸੰਤੋਖਾ। ਯਹੀ ਸੂਤ ਕਰ ਮਨ ਕੋ ਤੋਖਾ। ਅਨਕ ਭਾਂਤ ਮਨ ਕੋ ਭਟਕਾਨਾ। ਦੇਖ ਜਗਤ ਕੇ ਭੋਗ ਸੁ ਨਾਨਾ। ਇਸ ਤ੍ਰਿਸਨਾ ਕੋ ਤਿਆਗਨ ਜੋਈ। ਨਾਮ ਸੰਤੋਖ ਕਹੀਜੇ ਸੋਈ। ਹਮਰੇ ਮਤ ਉਤਮ ਅਤ ਭਾਰਾ। ਯਹੀ ਸੂਤ ਤੁਮ ਲੇਹੁ ਵਿਚਾਰਾ। ਵਿਖਯਨ ਤੇ ਇੰਦ੍ਰਨ ਕੋ ਮੋੜੇ। ਏਕ ਅਕਾਲ ਓਰ ਤਿਨ ਜੋੜੇ। ਯਹੀ ਗੰਢ ਤਿਸ ਸੂਤਰ ਪਾਈ। ਸਤ ਰੂਪੀ ਤਹ ਵੱਟ ਚੜ੍ਹਾਈ। ਯਾ ਬਿਧ ਕਰ ਤਿਆਰ ਭਲ ਭਾਵੇ। ਜੀਵ ਆਤਮ ਕੋ ਤੁਮ ਪਹਿਰਾਵੇ। ਨਾ ਇਹ ਤੂਟੇਤ ਨਹ ਮਲ ਲਾਗੇ। ਸਦਾ ਆਛਿੱਜ ਸੁੱਧ ਨਿਰਦਾਗੇ। ਨਹੀਂ ਅਗਨ ਇਸ ਦਾਹ ਕਰੰਤੀ। ਪੁਨਹ ਚੋਰ ਨਹਿ ਯਾਕੋ ਹੰਤੀ। ਧੰਨ ਅਹੇ ਯਾ ਜਗ ਮਹਿ ਤੇਈ। ਪਹਰ ਚਲੇ ਗੁਰ ਯਾਕੋ ਜੇਈ। ਐਸੋ ਜੰਞੂ ਜੇ ਤੁਮ ਰਾਖੋ। ਧਾਰਨ ਕਰੋ ਭਰਮ ਕੋ ਨਾਖੋ। ਈਸ

ਅਰਾਧਨ ਤੇ ਪਤ ਹੋਵੇ। ਔਰ ਅਰਾਧਨ ਮਨ ਤੇ ਖੋਵੈ। ਪੁਨ ਤਾਂਹੀ ਕੀ ਕਰ ਵਡਿਆਈ ।ਔਰ ਸਕਲ ਕੀ ਆਸ ਚੁਕਾਈ। ਐਸੋ ਸੁੱਧ ਪੁਨੀਤ ਜਨੇਊ। ਅਕਾਲ ਪੁਰਖ ਸਨਮੁਖ ਪਹਰੇਊ। ਐਸੋ ਤੱਗ ਨ ਕਬਹੂੰ ਤੂਟੇ। ਜਾਕੇ ਪਹਰੇ ਬੰਧਨ ਛੂਟੇ। ਯਹੀ ਸਤ ਜੰਞੂ ਹੈ ਪਾਧਾ। ਸੋ ਪਹਰੇ ਜਿਨ ਮਨ ਕੋ ਸਾਧਾ। ਯਾ ਬਿਨ ਸੂਤਰ ਜੋ ਗਲ ਪੈਹੇ। ਫੋਕਟ ਧਰਮ ਨ ਦਰਗਹ ਜੈ ਹੈ। ਮੈਂ ਯਹ ਪਾਇ ਜਨੇਊ ਲੀਨਾ ।ਸੂਤਰ ਕੋ ਮਨ ਤੇ ਤਜ ਦੀਨਾ ਭ੍ਰਮ ਸਾਚੇ ਪੰਡਤ ਕਹਲਾਵੋ। ਆਪ ਪਹਰ ਲੋਗਨ ਪਹਰਾਵੋ। ਆਪ ਤਰੋ ਲੋਗਨ ਕੋ ਤਾਰੋ । ਜਾਂਤੇ ਦਰਗਹ ਗਏ ਨ ਹਾਰੋ। ਜਬ ਪੰਡਤ ਯਹ ਪਰਮ ਪੁਨੀਤਾ। ਸੁਨਾ ਜਨੇਊ ਹੋ ਨਿਰਭੀਤਾ। ਭਯੋ ਗਯਾਨ ਅਰ ਭਗਤ ਵਿਰਾਗਾ। ਈਸ ਅਰਾਧਨ ਮਹਿ ਮਨ ਜਾਗਾ। ਗੁਰ ਨਾਨਕ ਕੇ ਮਤ ਮਹਿ ਭਾਈ। ਯਹੀ ਜਨੇਊ ਹੈ ਸੁਖਦਾਈ। ਜੋ ਪਹਰੇ ਸੋ ਸਿਖ ਕਹਾਵੇ। ਗੁਰ ਕੇ ਸਬਦ ਰਿਦੇ ਮਹਿ ਧਿਆਵੇ। ਜੋ ਯਾਕੋ ਤਜ ਪਹਰੇ ਔਰਾ। ਸੋ ਮਨਮਤੀਆ ਜਾਨਹੁ ਬੌਰਾ।।

ਵੈਦਯ ਪ੍ਰਬੋਧ

ਸ੍ਵੈਯਾ

ਦੇ ਉਪਦੇਸ ਭਲੋ ਅਸ ਪੰਡਤ, ਠਾਢ ਭਏ ਗੁਰ ਪੂਰਨ ਦੇਵਾ ।ਛੋਡ ਦਏ ਬਿਵਹਾਰ ਸਭੀ, ਨਹਿ ਰਾਖਤ ਕਾਹਿ ਸੋ ਲੇਵਨ ਦੇਵਾ। ਬੈਠ ਇਕਾਗਰ ਲਾਇ ਸਮਾਧ, ਅਰਾਧਤ ਥੇ ਸਭ ਕੇ ਗੁਰਦੇਵਾ। ਖਾਨ ਸੁ ਪਾਨ ਵਿਸਾਰ ਦਯੋ, ਤਨ ਪੋਖਨ ਮੈ ਮਨ ਕੋ ਨਹਿ ਦੇਵਾ।।

ਚੌਪਈ

ਕਾਹੂ ਸੇ ਨਹਿ ਬੋਲਤ ਕੇਹੂ। ਰਾਗ ਦ੍ਵੈਖ ਨਹਿ ਮਨ ਮਹਿ ਤੇਹੂ। ਜਬ ਗ੍ਰਿਹ ਤੇ ਕਹਿ ਬਾਹਰ ਜਾਵੇ। ਸੁੰਦਰ ਬ੍ਰਿੱਖ ਖੇਤ ਲਖ ਪਾਵੈ। ਕਿਧੋ ਤਲਾਬ ਕਪ ਅਸਥਾਨਾ। ਦੇਖ ਇਕਾਗਰ ਕਰਤ ਮਕਾਨਾ। ਲਾ ਤਾੜੀ ਤਹ ਈਸ ਅਰਾਧੇ। ਔਰ ਕਲਪਨਾ

ਮਨ ਤੇ ਬਾਧੇ। ਭੂਖ ਪਿਆਸ ਸਾਰੇ ਨਹਿ ਕਾਈ। ਆਨ ਰੀਤ ਸਕਲ ਭੁਲਾਈ। ਘਰ ਆਵਨ ਜਾਵਨ ਨਹਿ ਯਾਦੂ। ਰੰਗ ਰਤੇ ਅਲਖ ਅਨਾਦੂ। ਮਾਤ ਤਾਤ ਘਰ ਕੇ ਜੋ ਲੋਗਾ। ਦੇਖ ਹਾਲ ਯਹ ਕਰਤੇ ਸੋਗਾ। ਜਬ ਸੁਨ ਹੈ ਨਾਨਕ ਤਹ ਬੈਠੇ। ਵਹੁ ਭੀ ਜਾਇ ਤਾਹਿ ਪਹਿ ਪੈਠੇ। ਜਾਇ ਕਹਤ ਚਲ ਨਾਨਕ ਘਰ ਕੋ। ਦਯੋ ਭੁਲਾਇ ਕਾਹਤੇ ਦਰ ਕੋ। ਯਹ ਸੁਨ ਸਤਿ ਕਰਤਾਰ ਅਲਾਵੈ। ਸਾਥ ਸਬੰਧੀ ਘਰ ਕੋ ਆਵੈ। ਘਰ ਮੈ ਆਇ ਬੈਠ ਹੈਂ ਵੈਸੇ। ਬਾਹਰ ਪਿਖੇ ਤਾਹਿ ਨੈ ਜੈਸੇ। ਨਹੀਂ ਬਾਤ ਮੁਖ ਅਉਰ ਅਲਾਵੈ। ਸਤਿ ਕਰਤਾਰ ਮੁਖੋਂ ਨਿਤ ਗਾਵੈ। ਹਾਨ ਲਾਭ ਮਨ ਮਹਿ ਨਹਿ ਕੋਊ। ਏਕ ਅਕਾਲ ਅਰਾਧਤ ਸੋਊ। ਨਗਰੀ ਕੇ ਬਹੁ ਲੋਗ ਸਿਆਨੇ। ਦੇਖ ਗੁਰੂ ਕੋ ਅਤ ਬਿਸਮਾਨੇ। ਰਾਇ ਬੁਲਾਰ ਨਗਰ ਪਤ ਜੋਈ। ਕਰਤ ਸਨੇਹ ਗੁਰੂ ਸੇ ਸੋਈ। ਭੇਜ ਆਪਨੇ ਅਨਚਰ ਕੋਊ। ਗੁਰ ਕੋ ਪਾਸ ਬੁਲਾਵਤ ਸੋਊ। ਤਾਂਕੇ ਸੰਗ ਬਚਨ ਗੁਰ ਕਰ ਹੈਂ। ਅਨਕ ਸੰਦੇਹ ਤਾਹਿ ਕੇ ਹਰ ਹੈਂ। ਯਹ ਨਿਸਚਾ ਤਾਕੇ ਹੁਇ ਗਯੋ। ਯਹ ਕੋ ਪਰਮ ਪੁਰਖ ਜਗ ਭਯੋ। ਜਬੀ ਪਿਤਾ ਯਹ ਹਾਲ ਨਿਹਾਰਿਯੋ। ਖਾਨ ਪੀਨ ਇਨ ਸਕਲ ਬਿਸਾਰਿਯੋ। ਭਯੋ ਉਦਾਸ ਮਹਾਂ ਮਨ ਮਾਂਹੀ। ਜਗਤ ਬਿਹਾਰ ਸੁ ਭਾਵਤ ਨਾਂਹੀ। ਤਬ ਤਨ ਮਹਿ ਯਹਿ ਬਾਤ ਬਿਚਾਰੀ। ਹੈ ਬਿਆਧ ਯਾਕੋ ਕੁਛ ਭਾਰੀ। ਜਾਤੇ ਖਾਤ ਪੀਤ ਕੁਛ ਨਾਹੀ। ਬੋਲਤ ਖੇਲਤ ਨਹਿ ਕਤ ਜਾਹੀ। ਤਾਤੇ ਵੈਦ ਬੁਲਾਵਹੁ ਕੋਈ। ਨਿਰਖੈ ਯਾਹਿ ਰੋਗ ਹੈ ਜੋਈ। ਲਾਲੂ ਭ੍ਰਾਤ ਲਘੁ ਬੁਲਵਾਯੋ। ਏਕ ਵੈਦ ਕੇ ਪਾਸ ਪਠਾਯੋ। ਜਾਇ ਵੈਦ ਪਹਿ ਕਹ ਸਭ ਗਾਥਾ। ਲੈ ਆਯੋ ਤਹਿ ਕੋ ਨਿਜ ਸਾਥਾ। ਜਹਿ ਗੁਰ ਬੈਠੇ ਲਾਇ ਧਯਾਨਾ। ਤਹਾਂ ਬਿਠਾਯੋ ਵੈਦ ਸੁਜਾਨਾ। ਪਕਰ ਬਾਂਹ ਨਾੜੀ ਕੋ ਦੇਖੇ। ਰੋਗ ਨਿਦਾਨ ਭਲੇ ਬਿਧ ਪੇਖੇ। ਨਹੀਂ ਰੋਗ ਕੀ ਸਾਰ ਸੁ ਪਾਵੈ। ਦੇਖ ਦੇਖ ਅਤ ਹੀ ਬਿਸਮਾਵੈ। ਜਬ ਕੋਈ ਤਿਨ ਸਾਰ ਨ ਪਾਈ। ਕਹਾ ਤਾਤ ਕੋ ਯਹਿ ਸਮਝਾਈ। ਨਹੀਂ ਰੋਗ ਕੀ ਆਵਤ ਸਾਰਾ। ਯਾਕੋ ਸਮਝ ਕਰੂੰ ਕਛ ਕਾਰਾ। ਤਾਤੇ ਮਹੁਰਾ ਮਾਰ

ਪਿਸਾਵੋ। ਪੂੜੀ ਬਣਾਇ ਸੁ ਯਾਹਿ ਖੁਲਾਵੋਂ। ਜਾਤੇ ਤਨ ਇਸਕੇ ਬਲ ਹੋਵੈ। ਕਮਜੋਰੀ ਦਿਲ ਕੀ ਸਭ ਖੋਵੈ। ਹਸ ਬੋਲੇ ਸੁਨ ਪੁਰਖ ਮੁਰਾਰੀ। ਅਹੋ ਵੈਦ ਤੁਝ ਕੋ ਨਹਿ ਸਾਰੀ। ਨਹੀਂ ਰੋਗ ਯਹ ਤਨ ਕੋ ਕੋਈ। ਹੈ ਯਹ ਔਰ ਨ ਜਾਨਤ ਲੋਈ। ਯੌਂ ਕਹ ਕਹਾ ਸਬਦ ਗੁਰ ਐਸਾ। ਦੇ ਉਪਦੇਸ ਤਾਹਿ ਭਲ ਜੈਸਾ॥

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹਿ॥ ਭੋਲਾ ਵੈਦੁ ਨਾ ਜਾਣਈ ਕਰਕ ਕਲੇਜੇ ਮਾਂਹਿ ॥੧॥ ਜਾਹਿ ਵੈਦੁ ਘਰ ਆਪਣੇ ਮੇਰੀ ਆਹਿ ਨ ਲੋਹੁ ॥ ਹੰਮ ਰਤੇ ਸਹੁ ਆਪਣੇ ਤੂੰ ਕਿਸ ਦਾਰੂ ਦੇਹ॥ ਵੈਦਾ ਵੈਦੁ ਸੁਵੈਦੁ ਤੂੰ ਪਹਿਲਾਂ ਰੋਗੁ ਪਛਾਣੁ॥ ਐਸਾ ਦਾਰੂ ਲੋੜਿ ਲੋਹੁ ਜਿਤੁ ਵੰਞੇ ਰੋਗਾ ਘਾਣਿ॥ ਦੁਖ ਲਗੇ ਦਾਰੂ ਘਣਾ ਵੈਦੁ ਖਲੋਇਆ ਆਇ॥ ਕਾਇਆ ਰੋਵੇ ਹੰਸ ਪੁਕਾਰੇ ਵੈਦੁ ਨ ਦਾਰੂ ਲਾਇ।੨॥ ਜਾਇ ਵੈਦ ਘਰ ਆਪਣੇ ਜਾਣੇ ਕੋਇ ਮ ਕੋਇ।ਜਿਨ ਕਰਤੇ ਦੁਖ ਲਾਇਆ ਨਾਨਕ ਲਾਹੇ ਸੋਇ॥ ਭੋਲੇ ਵੈਦੁ ਨ ਦਾਰੂ ਲਾਇ॥ ਇਸ ਮਨ ਅਪਨੇ ਕੋ ਮਿਲੈ ਸਜਾਇ॥ ਦਰਦ ਹੋਵੇ ਦੁਖ ਰਹੇ ਸਰੀਰ ॥ ਐਸਾ ਦਾਰੂ ਲਗੈ ਨ ਬੀਰ॥੧॥ ਦੁਖ ਮਹੁਰਾ ਮਾਰਨ ਹਰ-ਨਾਮ॥ ਸਿਲਾ ਸੰਤੋਖੁ ਪੀਸਨ ਹਥ ਦਾਨ॥ ਨਿਤ ਨਿਤ ਲੇਹੁ ਨ ਛੀਜੈ ਦੇਹੁ। ਅੰਤ ਕਾਲ ਜਮ ਮਾਰੇ ਠੇਹੁ।੨॥ ਐਸਾ ਦਾਰੂ ਲਾਇ ਗਵਾਰ। ਜਿਤੁ ਖਾਧੈ ਤੇਰੇ ਜਾਹਿ ਵਿਕਾਰ। ॥੧॥ ਰਹਾਉ॥ ਰਾਜ ਮਾਲ ਜੋਬਨ ਸਭ ਛਾਉ। ਰਥ ਫਿਰੰਦੇ ਦੀਸਹਿ ਥਾਉ। ਦੇਹਨ ਨਾਉ ਨ ਹੋਵੇ ਜਾਤ। ਉਥੇ ਦਿਹੁ ਐਥੇ ਸਭ ਰਾਤ ।੩॥ ਸਾਦਕ ਰਸ ਮਧਾ ਤ੍ਰਿਸਨਾ ਘੇਉ ਤੇਲ। ਕਾਮ ਕ੍ਰੋਧ ਅਗਨੀ ਸਿਉ ਮੇਲ। ਹੋਮ ਜਗੁ ਅਰ ਪਾਠ ਪੁਰਾਣ। ਜੋ ਤਿਸ ਭਾਵੈ ਸੋ ਪਰਵਾਣੁ॥੪॥ ਤੁਮ ਕਾਗਤ ਤੇਰਾ ਨਾਮ ਨੀਸਾਣੁ। ਜਿਨ ਕੋ ਮਿਲਿਆ ਇਹੁ ਨਿਧਾਨੁ।

ਸੋ ਧਨਵੰਤ ਦਿਸੈ ਦਰ ਜਾਇ। ਨਾਨਕ ਜਨਨੀ ਧੰਨੀ ਮਾਇ॥

ਚੌਪਈ

ਯਾਹਿ ਸਬਦ ਤੇ ਯਹ ਪ੍ਰਭ ਭਾਵਾ। ਤਾਂਹਿ ਵੈਦ ਪ੍ਰਤਿ ਐਸ ਅਲਾਵਾ। ਅਹੋ ਵੈਦ ਤੁਮ ਕਰਨ ਬਦੰਗੀ। ਆਏ ਯਹਾਂ ਕਰਨ ਹਿਤ ਚੰਗੀ। ਪਕਰ ਬਾਂਹਿ ਬਾਹਿਰ ਤੁਮ ਦੇਖੋ।ਅੰਤਰ ਕੀ ਗਤ ਕੋ ਨਹਿ ਪੇਖੋ। ਨਹੀਂ ਰੋਗ ਯਹ ਤਨ ਕਾ ਭਾਈ। ਹੈ ਯਹ ਆਤਮ ਕੋ ਦੁਖਦਾਈ।ਤਾਂਤੇ ਤੁਮਹ ਸਾਰ ਨ ਹਈਏ। ਹੋਇ ਨਿਰਾਸ ਧਾਮ ਨਿਜ ਜਈਏ। ਤੂੰ ਔਖਧ ਯਹ ਕਾਕੋ ਦੇਵੈ। ਪ੍ਰਿਥਮ ਰੋਗ ਕੋ ਭੇਦ ਨ ਲੇਵੈ। ਹਮ ਅਪਨੇ ਪ੍ਰਭ ਸੇ ਹੈਂ ਰਾਤੇ ਆਨ ਰੋਗ ਨਹਿ ਲਾਗਤ ਗਾਤੇ। ਤਾਤੇ ਪਹਿਲੇ ਰੋਗ ਪਛਾਨੋ। ਪਾਛੇ ਔਖਧ ਕਰਹੁ ਸੁਜਾਨੋ। ਪੁਨ ਯਹ ਔਖਧ ਔਖਧ ਨਾਹੀ ਜਾਹਿ ਖਾਦੇ ਤਨ ਰੋਗ ਬਿਲਾਹੀ। ਸਾਚੀ ਔਖਦ ਯਹ ਜਗ ਕਹੀਏ। ਜਿਤ ਖਾਧੇ ਸਭ ਰੋਗ ਪਾਲਈਏ।ਅਨਕ ਰੋਗ ਕਾਰਨ ਕੇ ਸੰਗਾ। ਜਹਿ ਖਾਏ ਸਭ ਹੋਵਤ ਭੰਗਾ । ਸੋ ਦਾਰੂ ਈਸੂਰ ਕੋ ਗਿਆਨਾ। ਦੇਵਨ ਚਹੀਏ ਵੈਦ ਸੁਜਾਨਾ। ਹੌਮੈ ਰੋਗ ਆਤਮਾ ਸੰਗੇ । ਲਗੇ ਅਨਾਦ ਨ ਹੋਵਤ ਭੰਗੇ । ਇਸ ਦੁਖ ਕੀ ਦਾਰੂ ਜਗ ਮਾਂਹੀ। ਵਿਰਲਾ ਲਖੇ ਸਕਲ ਨਰ ਨਾਂਹੀ। ਜਾਨਨਹਾਰ ਪ੍ਰਭੁ ਸਭ ਜਾਨੇ। ਤੀਨ ਭਵਨ ਨਹਿ ਜਾਤੇ ਛਾਨੇ। ਪੁਨ ਔਖਧ ਤਾਕੀ ਨਹਿ ਕਾਈ। ਜੜੀ ਘਾਸ ਜੋ ਤੋਹਿ ਬਤਾਈ।ਅਸਟ ਧਾਤ ਜੇ ਮਾਰ ਖੁਲਾਵੈ। ਤੌ ਭੀ ਹਉਮੈ ਰੋਗ ਨ ਜਾਵੈ। ਜਾਤੇ ਔਖਧ ਤਾਕੀ ਜੋਈ। ਯਾਹਿ ਪਰਕਾਰ ਕਰੇ ਨਰ ਕੋਈ। ਆਧ ਵਿਆਧ ਉਪਾਧਹਿ ਕੇਰੇ। ਮਹਾਂ ਦੁੱਖ ਜਗ ਮਹਿ ਯਹ ਟੇਰੇ । ਤਿਨ ਕੇ ਮਹੁਰੇ ਸਮ ਦੁਖਦਾਈ। ਜਾਨ ਹਤੇ ਨਾ ਔਖਧ ਪਾਈ। ਜੈਸੇ ਮਹੁਰਾ ਖਾਵਤ ਕੋਊ। ਤੁਰਤ ਪ੍ਰਾਨ ਹਰ ਦੇਵਤ ਸੋਊ। ਪੁਨਾ ਜੜੀ ਸਹਿ ਮਾਰਤ ਖਾਵੈ। ਪ੍ਰਾਣ ਬਚੇ ਅਤ ਸੇ ਬਲ ਪਾਵੈ। ਇਸੀ ਪ੍ਰਕਾਰ ਤ੍ਰਿਧਾ ਦੁਖ ਜੋਈ। ਦੁਖ ਦੇਵਤ ਪ੍ਰਾਨਨ ਕੋ ਸੋਈ। ਅਕਾਲ ਅਰਾਧਨ ਬੂਟੀ ਸੰਗਾ। ਗਿਆਨ ਅਗਨ ਮਹਿ

ਦਹੋ ਨਿਸੰਗਾ। ਜਾਤੇ ਹੋਇ ਸਦਾ ਸੁਖਦਾਈ ਸਕਲ ਸੋਕ ਕੋ ਦੇਤ ਮਿਟਾਈ। ਸੰਤੋਖ ਸਿਲਾ ਪਰ ਤਾਹਿ ਪਿਸਾਵੇ। ਦੇਖ ਪਦਾਰਥ ਨਾਂਹਿ ਡੁਲਾਵੇ। ਯਥਾ ਸਕਤ ਕਰਸੇ ਦੇ ਦਾਨਾ। ਯਹ ਪੀਸਨ ਤਾਕੋ ਭਵ ਜਾਨਾ। ਯਾਕੋ ਨਿਤਾ ਨੀਤ ਜਬ ਖਈਏ। ਹੋਇ ਅਮਰ ਨਹਿ ਮਿਰਤੁ ਪਈਏ। ਯਾ ਔਖਧ ਬਿਨ ਜਮ ਗਹਿ ਲੇਵੇ। ਸਦਾ ਖੇਦ ਆਤਮ ਕੋ ਦੇਵੇ। ਜਬ ਜਨ ਐਸੀ ਔਖਧ ਖਾਵੈ। ਸਕਲ ਰੋਗ ਤਾਤੇ ਮਿਟ ਜਾਵੈ। ਪੁਨਾ ਰਾਜ ਧਨ ਮਾਲ ਅਪਾਰਾ । ਚਲਤੇ ਰਥ ਛਾਯਾ ਸਮ ਧਾਰਾ। ਨਹਿ ਇਸਥਿਰ ਜਗ ਮਹਿ ਯਹ ਰਹਿ ਹੇ। ਸਗਲ ਬੁਧਿ ਜਨ ਐਸੇ ਕਹਿ ਹੈਂ। ਸਾ ਈਸੂਰ ਜਗ ਕਾਰਨ ਦੁਆਰੇ। ਮਿਥਿਆ ਹੈ ਯਹਿ ਸਕਲ ਪਸਾਰੇ। ਦੇਹ ਨਾਉ ਪੁਨ ਜਾਤ ਨ ਕੋਊ। ਸਗਲ ਉਪਾਧ ਰਹਿਤ ਹੈ ਸੋਊ। ਸਦਾ ਪ੍ਰਕਾਸ਼ ਤਹਾਂ ਤਮ ਨਾਹੀ। ਯਹ ਮਾਯਾ ਕੀ ਲੇਸ ਨ ਜਾਹੀ। ਪੁੰਨ ਦਾਨ ਜਗ ਦਾਨ ਜੋ ਕਰ ਹੈ। ਕਹੈ ਪੁੰਨ ਕਰ ਸਭ ਦੁਖ ਹਰ ਹੈ। ਸੋ ਐਸੇ ਕਰਨੋ ਜਗ ਚਹੀਏ। ਜਾਕੇ ਬਲ ਸਕਲੇ ਸੁਖ ਲਹੀਏ। ਨਾ ਨਾ ਰਸ ਕਾ ਸੰਟ ਸਮ ਜਾਨੋ। ਤ੍ਰਿਸ਼ਨਾ ਘਿਰਤ ਤੇਲ ਸਮ ਮਾਨੋ ਕਾਮ ਕ੍ਰੋਧ ਅਗਨੀ ਸੰਗ ਜਾਲੋ। ਹਰਿ ਦਰਗਹਿ ਕੀ ਘਾਲਨ ਘਾਲੋ।। ਹਮ ਜਗ ਪੁਨ ਪਾਠ ਪਰਾਨਾ। ਔਰ ਨ ਕੋਈ ਲਖੀ ਅਹਿ ਆਨਾ। ਈਸੂਵਰ ਇੱਛਯਾ ਪਾਲਨ ਜੋਈ ਸਕਲੇ ਪਾਠ ਮੂਲ ਹੈ ਸੋਈ। ਤਪ ਸੋਈ ਜੋ ਈਸੂਰ ਭਾਵੇ ਜਾਤੇ ਸਕਲ ਨਿਧਾ ਪਤਿ ਪਾਵੇ। ਸੋਈ ਪੁਰਖ ਧਨੀ ਦਰਬਾਰੇ। ਧੰਨ ਅਹੇ ਤਾਕੀ ਮਹਿਤਾਰੇ। ਤਾਤੇ ਔਖਧ ਐਸੀ ਚਹੀਏ। ਜਾਕੇ ਕਰੇ ਰੋਗ ਹਤ ਕਈਏ। ਜੇਕਰ ਤੁਮ ਯਹ ਔਖਧ ਜਾਨੇ। ਤੌ ਕਰੀਏ ਜਗ ਹੋਇ ਸਿਆਨੇ । ਨਾਤਰ ਨਿਜ ਘਰ ਕੋ ਤੁਮ ਜਾਵੇ। ਯਾਹਿ ਰੋਗ ਕੀ ਸਾਰ ਨ ਪਾਵੋ।।

ਦੋਹਿਰਾ

ਸੁਨਤ ਵੈਦ ਮਨ ਮੋਂ ਲਖਯੋ ਯਹ ਪੂਰਨ ਨਰ ਕੋਇ।
ਯਾਕੀ ਔਖਧ ਮੋਹਿ ਤੇ ਕਿਸੀ ਪ੍ਰਕਾਰ ਨ ਹੋਇ।।

ਚੌਪਈ

ਜਬੀ ਵੈਦ ਇਹ ਹਾਲ ਨਿਹਾਰਾ। ਤਾਤ ਮਾਤ ਪ੍ਰਤਿ ਐਸ ਉਚਾਰਾ। ਯਾਕੋ ਰੋਗ ਨ ਹਈਏ ਕੋਈ। ਅਕਾਲ ਪੁਰਖ ਮਹਿ ਇਸ ਰਤ ਹੋਈ। ਸੰਸਾਰਕ ਸੁਖ ਦੁਖ ਤੇ ਨਯਾਰਾ। ਸਦਾ ਰਹੇ ਯਾਕੋ ਵਰਤਾਰਾ। ਯਹ ਤੋ ਮੁਕਤ ਜਗਤ ਕੀ ਕਰ ਹੈ। ਜੋ ਪੀਛੇ ਲਾਗੇ ਇਸ ਤਰ ਹੈ। ਪਰਮ ਪੁਰਖ ਹੈ ਜਗ ਅਵਤਾਰੀ। ਧਰਮ ਹੇਤ ਭੇਜਯੋ ਕਰਤਾਰੀ ਕਰ ਪਰਨਾਮ ਗਯੋ ਨਿਜ ਘਰ ਕੋ । ਲਯੋ ਪੰਥ ਗੁਰ ਤੇ ਤਹਿ ਹਰਿ ਕੋ । ਬਹੁਰ ਗੁਰੂ ਜੀ ਕਰ ਹੈਂ ਵੈਸੇ। ਅਹੇ ਸੁਭਾਵ ਪ੍ਰਥਮ ਕੋ ਕੈਸੇ। ਖਾਨ ਪਾਨ ਪਹਰਨ ਨਹਿ ਭਾਵੇ। ਹਾਸਨ ਖੇਲਨ ਨਾਹਿ ਸੁਹਾਵੇ। ਸਦਾ ਇਕੰਤ ਮੰਤ ਹਰਿ ਕੇਰਾ। ਰਿਦੇ ਧਯਾਵਤ ਸਾਂਝ ਸਵੇਰਾ। ਜੇ ਕੁਛ ਤਾਤ ਕਿਰਤ ਬਤਲਾਵੇ। ਸੋ ਕਰਤੇ ਮਨ ਹਰਿ ਮਹਿ ਲਾਵੇ। ਜਬੀ ਪਿਤਾ ਕਾਲੂ ਯਹ ਹੇਰਾ। ਕਰਤ ਕਾਮ ਸੁਤ ਨਹਿ ਘਰ ਕੇਰਾ। ਤਬੀ ਏਹ ਮਨ ਮਾਹਿ ਵਿਚਾਰੀ। ਭੇਜ ਦੇਹੁ ਘਰ ਸੁਤਾ ਮੁਝਾਰੀ। ਵਡੀ ਭੈਨ ਗੁਰ ਜੂ ਕੀ ਜੋਈ। ਨਾਮ ਨਾਨਕੀ ਕਹੀਯਤ ਸੋਈ। ਬੀਚ ਦੁਆਬੇ ਬਸਤੀ ਸੋਈ। ਸੁਲਤਾਨ ਪੁਰੇ ਨਗਰੀ ਮਹਿ ਜੋਈ। ਲਾਲਾ ਜੈ ਚੰਦ ਪਤ ਕੋ ਨਾਮਾ। ਕਰਤ ਤਹਾਂ ਹੱਟੀ ਕੋ ਕਾਮਾ। ਭੇਜ ਦੀਆ ਤਿਸ ਪੈ ਗੁਰ ਤਾਈ। ਖਤ ਮਹਿ ਕਹੀ ਬਾਤ ਸਮਝਾਈ। ਨਾਨਕ ਕੋ ਦਿਲ ਰਹਤ ਉਦਾਸਾ। ਨਹਿ ਭਾਵਤ ਇਸ ਜਗਤ ਬਿਲਾਸਾ। ਤਾਤੇ ਤੁਮ ਪਹ ਯਾਹਿ ਪਠਾਯੋ। ਯਥਾ ਸ਼ਕਤ ਯਾਕੋ ਸਮਝਾਯੋ। ਅਸ ਲਿਖ-ਕਰ ਗੁਰ ਦੀਨ ਪਠਾਈ। ਔਰ ਬਾਤ ਸਗਰੀ ਸਮਝਾਈ। ਤੁਰੇ ਜਗਤ ਪਤ ਅਤ ਹਰਖਾਏ। ਕੁਛ ਦਿਨ ਪਾਇ ਸੁਸਾ ਘਰ ਆਏ। ਕਰਾ ਸਨੇਹ ਅਧਕ ਜੈ ਰਾਮਾ। ਕਹਯੋ ਕਰਾ ਸੁਭ ਤੁਮ ਨੇ ਕਾਮਾ। ਜਾਤੇ ਯਹਾਂ ਆਇ ਹਮ ਤਾਰੇ। ਯਹ ਘਰ ਹਮਰੋ ਅਹੇ ਤੁਮਾਰੋ। ਤਬ ਨਬਾਬ ਕਾ ਮੋਦੀ ਖਾਨਾ। ਗੁਰ ਕੋ ਸੌਂਪ ਦਯੋ ਸੁਲਤਾਨਾ। ਲਾਗੇ ਕਰਨ ਲਹੁ ਕਾਮ ਸੁਆਮੀ। ਸਕਲ ਲੋਕ ਪਤ ਅੰਤਰ ਜਾਮੀ। ਦੇਤ ਦਾਨ ਜੋ ਮਾਂਗਤ ਕੋਈ। ਸਦਾ ਮਗਨ ਮਨ ਹਰ ਮਹਿ

ਹੋਈ। ਦੇਖ ਲੋਗ ਸਭ ਹੀ ਬਿਸਮਾਵੈ। ਘਾਟਾ ਕਹਤ ਖਜਾਨੇ ਆਵੈ। ਜਾ ਨਬਾਬ ਕੇ ਪਾਸ ਸੁਨਾਯੋ। ਮੋਦੀਖਾਨਾ ਯਾਹ ਲੁਟਾਯੋ। ਜਬ ਨਬਾਬ ਲੇਖਾ ਕਰਵਾਯੋ। ਤਬ ਗੁਰ ਕਾ ਕੁਛ ਲੇਨਾ ਆਯੋ। ਹੋਇ ਅਨੰਦ ਨਬਾਬ ਪੁਕਾਰੇ। ਕਰੋ ਕਾਮ ਜੋ ਅਹ ਤੁਮਾਰੇ। ਸਦਾ ਗਯਾਨ ਵੈਰਾਗ ਮੁਝਾਰੀ। ਰਹਤ ਬ੍ਰਿਤ ਗੁਰ ਪਰਉਪਕਾਰੀ। ਬਹੁਰ ਬਿਵਾਹ ਗੁਰੂ ਕਾ ਭਯੋ। ਗ੍ਰਸ ਧਰਮ ਕੋ ਧਾਰਨ ਕਰਯੋ। ਸਿਰੀਚੰਦ ਲਖਮੀ ਚੰਦ ਦੋਏ। ਯਹ ਸਤਗੁਰ ਜੂ ਕੇ ਗ੍ਰਹ ਹੋਏ॥

ਸੂਤਕ ਪ੍ਰਬੋਧ

ਪ੍ਰਥਮ ਬਾਲ ਜਬਕੇ ਜਨਮਾਯੋ। ਤਬ ਪੰਡਤ ਜਨ ਐਸ ਅਲਾਯੋ। ਅਬ ਸੂਤਕ ਨਾਨਕ ਘਰ ਹਈਏ। ਤਾਤੇ ਭੋਜਨ ਚਹਨ ਨ ਖਈਏ। ਜਦ ਹਮ ਸੂਤਕ ਸੁਧ ਕਰਾਵੈਂ। ਤਬ ਸਗਰੇ ਦ੍ਵਿਜ ਭੋਜਨ ਪਾਵੈਂ। ਸੁਨਤ ਹਸੇ ਗੁਰ ਜੂ ਅਸ ਭਾਖਾ। ਸੂਤਕ ਨਾਮ ਕੌਣ ਤੁਮ ਰਾਖਾ। ਤਬ ਪੰਡਤ ਅਸ ਉਚਰੀ ਬਾਨੀ ਸੂਤਕ ਸੁਨ ਨਾਨੇਕ ਸੁਰ ਗਿਆਨੀ ਜਬ ਬਾਲਕ ਜਨਮਤ ਘਰ ਜਾਕੇ। ਤਬ ਸੂਤਕ ਕਹੀਏ ਭਲ ਵਾਕੇ। ਖਾਨ ਪਾਨ ਤਿਸ ਘਰ ਕਾ ਜੋਈ। ਹੋਤ ਅਸੁੱਧ ਨ ਖਾਵਤ ਕੋਈ। ਪੁਨ ਪੰਡਤ ਜਬ ਘਰ ਮਹਿ ਆਵੇ। ਵੇਦ ਰੀਤ ਕਰ ਸੁੱਧ ਕਰਾਵੇ। ਬਹੁਰ ਲੋਕ ਨ ਕਰ ਹੈ ਸੰਕਾ। ਭੋਜਨ ਲੇਤ ਸਕਲ ਮਿਲ ਬੰਕਾ। ਪੁਨ ਜਹਿ ਘਰ ਨਰ ਕੋ ਮਰ ਜਾਵੈ। ਸੋ ਪਾਤਕ ਬੁਧ ਜਨ ਸਭ ਗਾਵੈ। ਤਿਸ ਕੋ ਭੀ ਪੰਡਤ ਘਰ ਜਾਈ। ਸੁੱਧ ਕਰੇ ਵੇਦਨ ਵਿਧ ਪਾਈ। ਤਾਂਤੇ ਤੁਮਰੇ ਨਿਪਜਯੋ ਬਾਲਾ। ਸੂਤਕ ਅਹੇ ਸੁ ਦੀਨ ਦਇਆਲਾ। ਜਬ ਬ੍ਰਹਮਨ ਯਹ ਬੈਨ ਸੁਨਾਏ। ਤਬੀ ਗੁਰੂ ਇਸ ਭਾਂਤ ਅਲਾਏ। ਮਹਾਂ ਪੁਨੀਤ ਨੀਤ ਉਪਦੇਸਾ। ਤਾ ਪ੍ਰਤਿ ਕਹਾ ਭਲੇ ਨਿਭੇਸਾ॥

ਜੇਕਰ ਸੂਤਕ ਮੰਨੀਐ ਸਭ ਤੇ ਸੂਤਕ ਹੋਇ॥ ਗੋਹੇ ਅਤੇ ਲਕੜੀ ਅੰਦਰ ਕੀੜਾ ਹੋਇ॥ ਜੇਤੇ ਦਾਣੇ ਅੰਨ ਕੇ ਜੀਆਂ ਬਾਝੁ ਨ

ਕੋਇ॥ ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ॥ ਸੂਤਕ ਕਿਉ ਕਰ ਰਖੀਐ ਸੂਤਕ ਪਵੈ ਰਸੋਇ॥ ਨਾਨਕ ਸੂਤਕ ਏਵ ਨ ਉਤਰੇ ਗਿਆਨੁ ਉਤਾਰੇ ਧੋਇ॥

ਚੌਪਈ

ਯਹਿ ਪ੍ਰਸੰਗ ਮਾਂਹਿ ਗੁਰ ਸ੍ਰਾਮੀ। ਖੰਡਯੋ ਸੂਤਕ ਕੋ ਅਭਰਾਮੀ। ਜੇ ਜਨਮਨ ਤੇ ਸੂਤਕ ਹੋਵੇ। ਘਰ ਕੀ ਸੁੱਧੀ ਭਹ ਤੇ ਖੋਵੇ। ਤੋ ਤੋ ਹੋਇ ਸਦਾ ਗ੍ਰਹ ਮਾਂਹੀ। ਕਰਤ ਰਸੋਈ ਹੈ ਨਰ ਜਾਹੀ। ਗੋਹੇ ਪੁਨ ਲਕੜੀ ਕੇ ਮਾਂਹੀ। ਨਿਪਜਂ ਕੀਟ ਪਿਖੇਂ ਸਭ ਭਾਂਹੀ। ਜਾ ਤੇ ਸੂਤਕ ਮਾਂਹਿ ਰਸੋਈ। ਸਦਾ ਰਹਤ ਤਹ ਛਕੇ ਨ ਕੋਈ। ਪੁਨ ਪਾਤਕ ਭੀ ਤਿਸ ਜਾ ਹੋਵੈ। ਦੋਨੋਂ ਸਮਯ ਜੀਵ ਹਤ ਜੋਵੈ। ਕਾਸਟ ਗੋਹੇ ਅੰਦਰ ਜੀਆ। ਜਲ ਕਰ ਮਰਤ ਰਸੋਈ ਕੀਆ। ਪੁਨਾ ਅੰਨ ਕੇ ਦਾਨੇ ਜੇਤੇ। ਜੀਵ ਸਹਤ ਕਹੀਯਤ ਹੈ ਤੇਤੇ। ਤਾ ਕੋ ਪੀਸ ਪਕਾ ਕਰ ਖਾਵੈ। ਸੋ ਪਾਤਕ ਸੇ ਕਿਉਂ ਬਚ ਜਾਵੈ। ਪੁਨ ਜਲ ਸਭ ਕੋ ਜੀਵਨ ਜਾਤੇ। ਜੀਵ ਰੂਪ ਕਹੀਅਤ ਹੈ ਤਾਤੇ। ਤਾ ਕੋ ਪੀਵਤ ਸਕਲ ਪਰਾਨੀ। ਕਰਤ ਜੀਵ ਕੀ ਜਾਤੇ ਹਾਨੀ।ਜਾਤੇ ਸੂਤਕ ਪਵੈ ਰਸੋਈ। ਤਾਕੋ ਤਯਾਗ ਕਹੋ ਕਿਮ ਹੋਈ। ਤਾਂ ਤੇ ਤੁਮ ਕਿਮ ਸੁੱਧ ਕਰੈ ਹੋ। ਜਬ ਸੂਤਕ ਕੋ ਅੰਤ ਨ ਪੈ ਹੋ। ਜਾਂ ਤੇ ਸੁਨ ਪੰਡਤ ਪਰਬੀਨਾ। ਨਹਿ ਸੂਤਕ ਹੋਵਤ ਹੈ ਹੀਨਾ। ਤੌ ਤੁਮਰੀ ਯਹ ਸਕਲੀ ਬਾਨੀ। ਹਮ ਜਾਨਤ ਹੈਂ ਝੂਠ ਕਹਾਨੀ। ਯਹ ਤੇਰੇ ਜੋ ਯਤਨ ਪਿਆਰੇ।ਨਹਿ ਸੂਤਕ ਕੇ ਹਰਨੇਹਾਰੇ। ਸੁਨ ਪੰਡਤ ਯਹ ਕਹਾ ਪੁਕਾਰੀ ਕਿਸ ਸੂਤਕ ਹਤ ਹੋਇ ਮੁਰਾਰੀ। ਤਬ ਗੁਰ ਨੇ ਉਤਰ ਯਹ ਦੀਨਾ। ਯਹ ਉਪਾਇ ਸੂਤਕ ਹਤ ਚੀਨਾ। ਗਯਾਨ ਅਕਾਲ ਪੁਰਖ ਹੈ ਜੋਈ। ਸੂਤਕ ਕੋ ਧੋ ਡਾਰੇ ਸੋਈ। ਔਰ ਪ੍ਰਕਾਰ ਨ ਕਤ ਹੂ ਜਾਵੈ। ਨਹੀਂ ਸੁਧ ਭਵ ਮਹਿ ਕਹਿਲਾਵੈ। ਸੂਤਕ ਪਾਤਕ ਹਮ ਮਤ ਮਾਹੀ। ਜਨਮ ਮਰਨ ਕੋ ਕਹੀਯਤ ਨਾਹੀ। ਤਾਂ ਤੇ ਸਾਚੇ ਸੂਤਕ ਜੋਊ। ਤਾਕੋ ਨਾਸ ਕਰੋ ਤੁਮ ਸੋਊ। ਅਸ ਸੁਨ

ਕਰ ਗੁਰ ਤੇ ਸੁਭ ਬਾਤਾ। ਪੂਛਤ ਪੰਡਤ ਤੌਂ ਵਖਯਾਤਾ। ਜੇਕਰ ਯਹ ਸੂਤਕ ਕੁਛ ਨਾਹੀ। ਕਹੋ ਔਰ ਸੂਤਕ ਜੋ ਆਹੀ। ਤਬ ਬੋਲੇ ਗੁਰ ਸ਼ਬਦ ਸੁ ਐਸਾ। ਧਰਮ ਹੇਤ ਚਹੀਦੇ ਥੇ ਜੈਸਾ॥

ਮਨ ਕਾ ਸੂਤਕ ਲੋਭ ਹੈ ਜਿਹਬਾ ਸੂਤਕ ਕੂੜ॥ ਅਖੀ ਸੂਤਕ ਵੇਖਣਾ ਪਰ ਤ੍ਰਿਆ ਪਰ ਧਨ ਰੂਪ॥ ਕੰਨੀ ਸੂਤਕ ਕੰਨ ਪੈ ਲਾਇ ਤਬਾਰੀ ਖਾਹਿ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰ ਜਾਹਿ॥ ਸਭੋ ਸੂਤਕ ਭਰਮ ਹੈ ਦੂਜੈ ਲਗੈ ਜਾਇ॥ ਜੰਮਣ ਮਰਣਾ ਹੁਕਮ ਹੈ ਭਾਣੈ ਆਵੈ ਜਾਇ॥ ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ॥ ਨਾਨਕ ਜਿਨੀ ਗੁਰਮੁਖ ਬੁਝਿਆ ਤਿਨਾ ਸੂਤਕ ਨਾਹਿ॥

ਚੌਪਈ

ਯਹ ਸੂਤਕ ਜੋ ਤੋਹਿ ਬਤਾਯੋ। ਸੋ ਸਾਚੋ ਨਹਿ ਸੁਨ ਸਤ ਭਾਯੋ। ਸਾਚੋ ਸੂਤਕ ਸੁਨ ਮਨ ਲਾਈ। ਨਿਖਲ ਸੰਦੇਹ ਤੋਹਿ ਮਿਟ ਜਾਈ। ਮਨ ਕੋ ਸੂਤਕ ਲੋਭ ਪਛਾਨੋ। ਧਨ ਕੈ ਹੇਤ ਰਹਿਤ ਗਲਤਾਨੋ। ਧਨ ਕੇ ਅਰਥ ਪਾਪ ਬਹੁ ਕਰ ਹੈ। ਕਰਤ ਕੁਕਰਮ ਨ ਰੰਚਕ ਡਰ ਹੈ। ਤਾਂਤੇ ਯਾ ਕੀ ਸੁੱਧੀ ਹੇਤਾ। ਕਰੋ ਕਰਮ ਸੁਭ ਹਈਏ ਜੇਤਾ। ਪੁਨ ਜਿਹਬਾ ਕਾ ਸੂਤਕ ਜੋਈ। ਮਿਥਯਾ ਬੋਲਨ ਕਹੀਏ ਸੋਈ। ਤਾਕੋ ਸੁੱਧ ਕਰਨ ਤੁਮ ਚਹੀਏ। ਯਾਤੇ ਪਰਮ ਗਤੀ ਕੋ ਲਈਏ। ਪੁਨ ਨੈਨਨ ਕੋ ਸੂਤਕ ਜੋਈ। ਅਹੇ ਕੁਦਿਸਟ ਜਗਤ ਮਹਿ ਸੋਈ। ਪਰ ਧਨ ਪਰ ਦਾਰਾ ਕੇ ਰੂਪਾ ਦੇਖਤ ਭ੍ਰਮੇ ਪਰੇ ਦੁਖ ਕੂਪਾ। ਪਰ ਨਿੰਦਾ ਸੁਨ ਮਨ ਮਹਿ ਹਰਖੇ। ਕਾਰਨ ਕੋ ਸੂਤਕ ਯਹ ਪਰਖੇ। ਯਾ ਬਿਧ ਕੇ ਸੂਤਕ ਹੈ ਜੋਈ। ਨਰ ਕੋ ਨਰਕ ਭੁਗਾਵੈ ਸੋਈ। ਯਾ ਬਿਨ ਸੂਤਕ ਹਈਏ ਜੇਤੇ। ਸਗਲੇ ਭਰਮ ਪਛਾਨੋ ਤੇਤੇ । ਤਜ ਅਕਾਲ ਜੋ ਦੂਸਰ ਲਾਗੈ। ਸੋ ਨਾਨਾ ਦੁਖ ਲਹੇ ਅਭਾਗੈ ਜਨਮ ਮਰਨ ਈਸ਼ੁਰ ਕਾ ਭਾਣਾ। ਆਇ ਜਾਇ ਜਗ ਜੀਵ ਨਮਾਣਾ

ਸਿ ਸੂਤਕ ਪਾਤਕ ਨਹ ਕੋਈ। ਹੁਕਮ ਈਸ ਕੋ ਮਾਨਤ ਸੋਈ। ਖਾਣ ਪੀਣ ਜੋ ਰਾਜਕ ਦੀਨਾ। ਸੋ ਸਦ ਸੁੱਧ ਅਸੁੱਧ ਕਬੀਨਾ। ਖਾਇ ਪੀਇ ਸਦ ਹੋਇ ਅਨੰਦਾ। ਕਬੀ ਨ ਭਾਖੇ ਤਹ ਮੁਖ ਮੰਦਾ। ਜਿਨ ਗੁਰਮੁਖ ਯਹ ਭੇਦ ਪਛਾਨਾ। ਤਾਨੇ ਸੂਤਕ ਕਬੀ ਨ ਜਾਨਾ। ਝੂਠੇ ਸੂਤਕ ਸਕਲ ਤਜੇ ਹੈ। ਸਾਚੇ ਕੀ ਸੁੱਧੀ ਕਰਵੇ ਹੈ। ਗੁਰ ਨਾਨਕ ਕੇ ਮਤ ਮਹਿ ਭਾਈ। ਯਹ ਸੂਤਕ ਜਾਨੋ ਸੁਖਦਾਈ। ਯਾਤੇ ਭਿੰਨ ਔਰ ਜੋ ਮਾਨੇ। ਸੋ ਗੁਰਮਤਿ ਤੇ ਲਖੋ ਅਜਾਨੇ। ਯਾ ਕੋ ਸੁਨ ਪੰਡਤ ਹਰਖਾਏ। ਗੁਰ ਪਦ ਪੰਕਜ ਸੀਸ ਨਿਵਾਏ। ਗਹਯੋ ਬੋਧ ਤਜ ਕਰ ਅਗਯਾਨਾ। ਨਿਜ ਆਤਮ ਕੋ ਨਿਸਚੇ ਜਾਨਾ। ਜੋ ਗੁਰ ਨਾਨਕ ਮਤ ਅਨੁਸਾਰੀ। ਚਾਹਤ ਹੈ ਮੁਕਤੀ ਸੁਖ ਧਾਰੀ। ਸੋ ਸੂਤਕ ਪਾਤਕ ਜਗ ਐਸਾ। ਮਾਨੇ ਕਹਾ ਗੁਰੂ ਜੀ ਜੈਸਾ। ਯਾ ਕੋ ਤਜ ਕਰ ਔਰੇ ਮਾਨੇ। ਸੋ ਗੁਰਮਤਿ ਕੋ ਨਾਹਿ ਪਛਾਨੇ॥

ਮੁੱਲਾਂ ਜਬਾਬ ਪਰਬੋਧ

ਚੌਪਈ

ਜਬ ਗੁਰ ਐਸ ਲਖਾ ਮਨ ਮਾਹੀ। ਗ੍ਰਿਹਸਤ ਧਰਮ ਪੂਰਨ ਅਬ ਆਹੀ। ਤਾਂ ਤੇ ਬਾਨਪ੍ਰਸਤ ਅਬ ਤੀਜੋ। ਆਸ੍ਰਮ ਯਾਹਿ ਜਗਤ ਮਹਿ ਲੀਜੇ। ਪਰ ਬਨ ਮਹਿੰ ਸਮ ਮ੍ਰਿਗ ਸਿਧਾਰੇ। ਕੌਨ ਕਾਜ ਜਗ ਮਾਹਿ ਸੁਧਾਰੇ। ਅਨਕ ਜੀਵ ਜੰਗਲ ਮਹਿ ਫਿਰ ਹੈ। ਨਹੀਂ ਚਿੱਤ ਬ੍ਰਿੱਤੀ ਤਹਿ ਥਿਰ ਹੈ। ਤਾ ਤੇ ਉੱਤਮ ਬਨ ਸੰਸਾਰਾ। ਚਹੀਏ ਅਟਨ ਸੁ ਤਾਹਿ ਮੁਝਾਰਾ। ਜੌਨ ਕਾਜ ਜਗ ਮੈ ਤਨ ਧਾਰਾ। ਕਰੋ ਕਾਮ ਸੋਈ ਭਲ ਭਾਰਾ। ਤੁਰਤ ਤਯਾਗ ਧਾਮ ਕੇ ਕਾਮਾ। ਮੋਦੀਖਾਨਾ ਸਹ ਅਭਰਾਮਾ। ਜਾਇ ਬਹੇ ਮਰਘਟ ਕੇ ਮਾਹੀ। ਲਾਇ ਸਮਾਧ ਰੂਪ ਪ੍ਰਭ ਧਯਾਹੀ। ਇਸ ਕਾ ਕਾਰਨ ਯਹ ਸੁਨ ਲੀਜੇ। ਮਰਘਟ ਮਹਿ ਬੈਸਨ ਕਿਮ ਕੀਜੇ। ਯਾ ਸੰਸਾਰ ਮਾਹਿ ਵੈਰਾਗਾ। ਉਦੇ ਹੋਤ ਹੈ ਜੋ ਵਡਭਾਗਾ। ਸੋ ਮਸਾਨ ਭੂਮੀ ਤੇ ਹੋਵੇ। ਜਾਤੇ ਸਕਲ ਦੋਖ ਨਰ ਖੋਵੇ। ਜਬ ਮਸਾਨ

ਕੀ ਓਰ ਨਿਹਾਰੇ। ਤਬੀ ਪੁਰਖ ਇਸ ਭਾਂਤ ਵਿਚਾਰੇ। ਯਾਹ ਜਗਤ ਮਹਿ ਕੇਤਕ ਭਏ। ਯਾਹਿ ਭੂਮ ਸੇ ਖਪ ਗਏ। ਪੁਨਾ ਅਨੇਕ ਆਇ ਖਪ ਜੈ ਹੈਂ। ਜਿਨ ਕੋ ਨਾਮ ਨ ਕੋਊ ਲੈ ਹੈਂ। ਤਾਂਤੇ ਯਹ ਪਰਵਾਹ ਅਨਾਦੀ। ਚਲਤ ਨਦੀ ਸਮ ਨਹੀਂ ਵਿਵਾਦੀ। ਤਾਂਤੇ ਜੇ ਜਗ ਰਹਿਨਾ ਨਾਹੀਂ। ਦੁਰਾਚਾਰ ਕਰੀਏ ਕਿਉਂ ਤਾਹੀਂ। ਜਾ ਹਿਤ ਪਠੇ ਅਕਾਲ ਦਿਆਲੂ। ਕਰੇ ਕਾਮ ਹੋਈਏ ਸਰਧਾਲੂ। ਯਾਹ ਦ੍ਰਿਸਟ ਉਦਬੋਧਨ ਜੋਈ। ਅਹੇ ਮਸਾਨ ਔਰ ਨਹਿ ਕੋਈ। ਸੁਨਾ ਨਗਰ ਜਬ ਯਹਿ ਬਿਵਹਾਰਾ। ਪਰਾ ਸ਼ੋਰ ਤਬ ਕਈ ਪ੍ਰਕਾਰਾ । ਕੋਊ ਕਹਤ ਘਾਟਾ ਇਸ ਆਯੋ। ਕਹਤ ਏਕ ਇਸ ਭੂਤ ਲਗਾਯੋ। ਕੋਊ ਕਹਤ ਯਹ ਭਯੋ ਦਿਵਾਨਾ। ਕਹਤ ਏਕ ਯਹ ਭਗਤ ਮਹਾਨਾ। ਅਪਨੇ ਅਪਨੇ ਮਨ ਸੰਕਲਪਾ। ਕਥਤ ਗੁਰੂ ਪ੍ਰਤ ਪੁਰਖ ਵਿਕਲਪਾ। ਤਦ ਨਵਾਬ ਦੌਲਤ ਖਾਂ ਤਾਂਈ। ਖਬਰ ਲੋਕ ਸਭ ਜਾਇ ਸੁਨਾਈ। ਨਾਨਕ ਛੋਡ ਸਕਲ ਘਰਬਾਰਾ। ਬੈਠੇ ਜਾਇ ਮਸਾਨ ਮੁਝਾਰਾ। ਹੋਇ ਹੈਰਾਨ ਵਡੋ ਮਨ ਮਾਂਹੀ। ਗੁਰ ਨਾਨਕ ਬੁਲਵਾਯੋ ਤਾਂਹੀ। ਬਹੁ ਕਾਜੀ ਮੁੱਲਾਂ ਸਦਵਾਏ। ਜਬ ਗੁਰ ਨਿਕਟ ਤਾਂਹਿ ਕੇ ਆਏ। ਸੱਤ ਕਰਤਾਰ ਭਾਖ ਮੁਖ ਮਾਂਹੀ। ਬੈਠ ਗਏ ਤਾ ਕੇ ਢਿਗ ਵਾਂਹੀ। ਪੇਖ ਨਵਾਬ ਮੁਲਾਣਾ ਦੋਊ। ਭਏ ਅਚੰਭਾ ਗੁਰ ਕੇ ਸੋਊ । ਮਸਤਕ ਮੈ ਦਮ ਕੇ ਪਰਤਾਪਾ। ਕਾਂਪ ਉਠੇ ਜਾਕੇ ਪਿਖ ਪਾਪਾ। ਕਹਯੋ ਨਵਾਬ ਮੁਲਾਣੇ ਤਾਂਈ। ਦੇਖਹੁ ਯਾ ਕੋ ਸਾਯਾ ਕਾਈ। ਜਿੰਨ ਭੂਤ ਯਾ ਪਰੀ ਚੁੜੇਲਾ। ਹੈ ਯਾਮੈ ਕੋ ਧਸਯੋ ਛਡੇਲਾ। ਸੁਨਤ ਮੁਲਾਣਾ ਆਗੇ ਆਯੋ। ਗੁਰ ਨਾਨਕ ਕੋ ਪਾਸ ਬਠਾਯੋ। ਗਿਰਦੇ ਲੋਗ ਸਹਰ ਕੇ ਹੋਏ। ਕੋ ਹਸ ਹੈ ਕੋ ਦੇਖਤ ਰੋਏ। ਕੋਊ ਭੂਤ ਬੇਤਾਲ ਬਤਾਵੇ। ਇਨ ਕੇ ਭੀਤਰ ਸਾਯਾ ਗਾਵੈ। ਜੋ ਤਾਕੀ ਬੁੱਧੀ ਮਹਿ ਆਯੋ। ਤਾ ਹੀ ਨੇ ਤੈਸੋ ਮੁਖ ਗਾਯੋ। ਤਬ ਮੁੱਲਾਂ ਇਕ ਧੂਪ ਧੁਖਾਈ। ਗੁਰ ਨਾਨਕ ਕੀ ਓਰ ਕਰਾਈ। ਝਾੜਾ ਕਰਨ ਲਗੋ ਫੜ ਕਾਨਾ। ਭੇਦ ਨ ਪਾਵਤ ਮੂੜ੍ਹ ਅਜਾਨਾ। ਕੌਨ ਅਹੇ ਤੂੰ ਗੁਰ ਕਉ ਪੂਛੇ। ਪਰਸ਼ਨ ਕੀਨ ਜਬੀ ਯਹ ਛੂਛੇ ਤਬ

ਹਸ ਕਰ ਉੱਤਰ ਗੁਰ ਦੀਨਾ। ਜਥਾ ਤਾਹ ਥੋ ਪਰਸ਼ਨ ਕੀਨਾ॥

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕ ਵੇਚਾਰਾ॥

ਚੌਪਈ

ਇਸ ਕਥਨੀ ਮਹਿ ਮੁਲਾਂ ਤਾਈਂ। ਯਹੀ ਬਾਤ ਗੁਰ ਨੇ ਸਮਝਾਈ। ਤੂੰ ਮੁਝ ਸੇ ਕਿਆ ਪੂਛੇ ਚਾਹੇ॥ ਕਹਤ ਲੋਗ ਤੁਮਰੇ ਸਮੁਹਾਹੇ। ਕੋਈ ਮੁਝ ਕੋ ਭੂਤ ਬਤਾਵੈ। ਪੁਨ ਦੂਸਰ ਬੇਤਾਲ ਠਹਿਰਾਵੈ। ਕਹਤ ਏਕ ਯਹ ਪਰਮ ਸਿਆਨੇ। ਨਿਜ ਨਿਜ ਮੁਖ ਤੇ ਐਸ ਬਖਾਨੇ। ਸੋ ਤੁਮ ਸੁਨਾ ਲੋਕ ਜਿਮ ਗਾਵੈ। ਸਮਝ ਲੇਹ ਜੈਸੇ ਮਨ ਆਵੈ। ਜਬ ਯਹ ਸ਼ਬਦ ਗੁਰੂ ਨੇ ਭਾਖਾ। ਤਬ ਨਵਾਬ ਦੌਲਤ ਖਾਂ ਆਖਾ । ਹੇ ਮੁੱਲਾਂ ਜੇਕਰ ਇਨ ਤਾਈ। ਰਾਜੀ ਕਰੇਂ ਅਧਕ ਧਨ ਪਾਈ। ਲੇਹੁ ਰੁਪਈਆ ਜੇਤਾ ਚਾਹੋਂ। ਔਰ ਬਸਤ ਮੁਖ ਮਾਂਗੀ ਪਾਹੇਂ। ਸੁਨ ਮੁੱਲਾਂ ਤਬ ਏਹ ਅਲਾਈ। ਏਕ ਤਬੀਤ ਲਿਖੋਂ ਸੁਖਦਾਈ। ਜਾਕੇ ਪਾਇ ਇਨਸ਼ਾ ਅੱਲ੍ਹਾ। ਨਾਨਕ ਕੇ ਦਿਲ ਹੋਇ ਸੁਖੱਲਾ। ਜਬ ਲਾਲਚ ਬਸ ਲਿਖਨੇ ਲਾਗੋ। ਬੋਲੇ ਸ਼ਬਦ ਗੁਰੂ ਵਡਭਾਗੋ॥

ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥
ਧ੍ਰਿਗ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥

ਚੌਪਈ

ਹੋਇ ਪ੍ਰਸੰਨ ਕਹਾ ਬਚ ਐਸਾ। ਲੋਭੀ ਪ੍ਰੀਤ ਚਹੀਏ ਥੋ ਜੈਸਾ। ਹੇ ਮੁੱਲਾਂ ਜਿਸ ਖੇਤ ਉਜਾੜਾ। ਸੋ ਸੰਚਨ ਕਿਆ ਕਰੇ ਖੁਲਾੜਾ। ਤੈਸੇ ਜਿਨ ਸੁਭ ਕਰਮ ਨ ਕੀਏ। ਸੋ ਦਰਗਹ ਕਿਆ ਜਾਵਹ ਲੀਏ। ਧ੍ਰਿਗ ਜਨਮ ਜੀਵਨ ਜਗ ਤਾਕਾ। ਲਿਖ ਜੋ ਬੇਚਤ ਨਾਮ ਖੁਦਾ ਕਾ। ਦਰਬ ਹੇਤ ਤੂੰ ਕਰਤ ਮਜੂਰੀ। ਸੋ ਕਬੂਲ ਨਹਿ ਤਾਸ ਹਜ਼ੂਰੀ। ਜਬ ਸਤਿਗੁਰ ਯਹ ਉਤਰ ਦੀਨਾ। ਤਬ ਮੁੱਲਾਂ ਬੋਲਯੋ ਰਿਸ ਕੀਨਾ। ਸੁਨੋ

ਨਬਾਬ ਹਾਲ ਇਸ ਕੇਰਾ ਨਿਹ ਸਾਯਾ ਨੇ ਇਸ ਕੋ ਘੇਰਾ। ਯਹ ਤੋ ਨਿਸਚੇ ਭਯੋ ਦੀਵਾਨਾ। ਜਾਤੇ ਅਟਪਨ ਕਰਤ ਬਖਾਨਾ। ਯਹ ਸੁਨ ਕਰ ਗੁਰ ਜੂ ਤਬ ਬੋਲੇ। ਦੀਵਾਨੇ ਕੇ ਲੱਖਨ ਖੋਲੇ॥

ਭਇਆ ਦਿਵਾਨਾ ਸਾਹੁ ਕਾ ਨਾਨਕ ਬਉਰਾਨਾ॥ ਹਉ ਹਰਿ ਬਿਨ ਅਵਰੁ ਨਾ ਜਾਨਾ॥੧ਰਹਾਉ॥ ਤਉ ਦਿਵਾਨਾ ਜਾਣੀਐ ਜਾ ਭੈ ਦੀਵਾਨਾ ਹੋਇ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ।੨॥ ਤਉ ਦਿਵਾਨਾ ਜਾਣੀਐ ਜਾ ਏਕਾ ਕਾਰ ਕਮਾਇ।ਹੁਕਮ ਪਛਾਣੈ ਖਸਮ ਕਾ ਦੂਜੀ ਅਵਰੁ ਸਿਆਣਪ ਕਾਇ।੩॥ ਤਉ ਦਿਵਾਨਾ ਜਾਣੀਐ ਜਉ ਸਾਹਿਬ ਧਰੈ ਪਿਆਰ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰ।੪॥

ਚੌਪਈ

ਸੁਨ ਮੁੱਲਾਂ ਮੈ ਭਇਆ ਦਿਵਾਨਾ। ਅਪਨੇ ਸਾਹਿਬ ਕਾ ਪਰਧਾਨਾ। ਹਰ ਬਿਨ ਅਵਰ ਨ ਕੋਊ ਜਾਨੋ। ਏਕ ਅਕਾਲ ਅਧਾਰ ਪਛਾਨੋ। ਸਾਚੋ ਤਉ ਦਿਵਾਨੋ ਕਹੀਏ। ਜੋ ਅਕਾਲ ਕੇ ਭੈ ਕਰ ਪਈਏ। ਜੋ ਸਾਹਿਬ ਬਿਨ ਅਵਰ ਨ ਜਾਨੈ। ਭਲੋ ਦਿਵਾਨਾ ਤਾਹਿ ਪਛਾਨੈ। ਏਕ ਅਕਾਲ ਅਰਾਧਨ ਕਰ ਹੈ। ਤਾ ਬਿਨ ਅਵਰ ਸਕਲ ਪਰ ਹਰ ਹੈ।ਅਵਰ ਸਿਆਣਪ ਸਕਲ ਗਵਾਵੈ। ਪ੍ਰਭ ਕੀ ਆਗਯਾ ਸੀਸ ਚੜਾਵੈ। ਅਕਾਲ ਪੁਰਖ ਸੋ ਜਾ ਕੋ ਨੇਹਾ। ਵਹੀ ਦਿਵਾਨਾ ਧਰਮ ਸਨੇਹਾ। ਅਵਰਨ ਕੋ ਜੋ ਭਲੇ ਪਛਾਨੈ। ਨਿਜ ਕੋ ਭਲੇ ਪਛਾਨੈ। ਨਿਜ ਕੋ ਅਧਮ ਸਕਲ ਤੇ ਮਾਨੈ। ਅਹੇ ਦਿਵਾਨਾ ਸਾਚੋ ਸੋਈ। ਯਾ ਬਿਧ ਵਰਤੇ ਜਗ ਮਹਿ ਜੋਈ। ਸੁਨ ਮੁੱਲਾਂ ਮੈਂ ਸਾਚ ਦਿਵਾਨਾ। ਔਰ ਸਿਆਣਪ ਕਛੂ ਨ ਜਾਨਾ। ਜਗਤ ਸਿਆਨਾ ਸਗਲੋ ਹਈਏ। ਪਰਮਾਤਮ ਤੇ ਉਲਟੋ ਪਈਏ। ਸੁਨ ਨਵਾਬ ਕਾਜੀ ਬਿਸਮਾਏ। ਆਪਸ ਮਹਿ ਯਹ

ਬੈਨ ਅਲਾਏ। ਨਹ ਇਸ ਦੇਵ ਪਰੀ ਕੀ ਸਾਯਾ। ਨਹੀਂ ਰੋਗ ਤਨ ਮਹਿ ਉਪਜਾਯਾ। ਇਸ ਕੋ ਤਲਬ ਖੁਦਾ ਕੀ ਹਈਏ। ਔਰ ਪਦਾਰਥ ਖਾਸ ਨ ਪਈਏ। ਤਾਂ ਤੇ ਮੁਸਲਮਾਨ ਇਸ ਕੀਜੇ। ਅਪਨੇ ਦੀਨ ਮਾਂਹਿ ਕਰ ਲੀਜੇ। ਚਲੋ ਮਸੀਤ ਨਮਾਜ ਪੜ੍ਹਾਵੋ। ਕਲਮਾਂ ਨਬੀ ਕੁਰਾਨ ਸੁਨਾਵੋ। ਆਪਸ ਮਾਂਹਿ ਬਾਤ ਯਹ ਕਰਕੇ। ਬੋਲਤ ਭਏ ਗੁਰੂ ਸੇ ਡਰਕੇ। ਹੇ ਨਾਨਕ ਜੀ ਹਮ ਤੁਹਿ ਜਾਨਾ। ਏਕ ਖਦਾ ਕੋ ਤੈਨੇ ਮਾਨਾ। ਹਿੰਦੂ ਤੁਰਕ ਤੁਮ ਕੌ ਸਮ ਆਂਹੀ। ਪੱਖ ਪਾਤ ਕਾਹੂੰ ਸੇ ਨਾਹੀ। ਇਸ ਕਾਰਨ ਤੂੰ ਹਮਹਿ ਪਯਾਰਾ। ਅਪਨੇ ਮਨ ਮਹਿ ਲੀਨ ਵਿਚਾਰਾ। ਤਾਂ ਤੇ ਚਲੋ ਮਸੀਤ ਮੁਝਾਰੇ। ਪੜ੍ਹੋ ਨਮਾਜ ਸੁ ਸਾਥ ਹਮਾਰੇ। ਸੁਨ ਨਾਨਕ ਜੂ ਐਸ ਉਚਾਰਾ। ਹਮ ਮਾਨਤ ਹੈਂ ਬਚਨ ਤੁਮਾਰਾ। ਚਲੋ ਮਸੀਤ ਚਲੇਂ ਤੁਹਿ ਸੰਗੇ। ਕਰੋ ਕਾਮ ਜੋ ਮੁਝ ਕੋ ਚੰਗੇ। ਸੁਨ ਨਵਾਬ ਮੁਲਾਂ ਹਰਖਾਏ। ਗੁਰ ਕੋ ਸਾਥ ਮਸੀਤ ਲਿਆਏ। ਦੇਖਤ ਹਿੰਦੂ ਲੋਕ ਅਪਾਰਾ। ਸੋਕ ਭਰੇ ਮਨ ਮਾਂਹਿ ਬੀਚਾਰਾ। ਕਹਨ ਲਗੇ ਨਾਨਕ ਨਿਰੰਕਾਰੀ। ਮੁਸਲਮਾਨ ਹੋਵਨ ਮਤ ਧਾਰੀ। ਗਯੋ ਧਰਮ ਹਿੰਦੂ ਤੇ ਦੂਰੇ। ਮੁਸਲਮਾਨ ਮਤ ਭਯੋ ਹਜੂਰੇ। ਹਾਹਾਕਾਰ ਭਯੋ ਤਿਨ ਮਾਹੀ। ਤਨ ਮਨ ਕੀ ਸੁਧ ਸਭ ਬਿਸਰਾਹੀ। ਪੁਨਾ ਮੁਸਲਮਾਂ ਅਤ ਵਿਗਸਾਏ। ਹੋਇ ਇਕਤ੍ਰ ਸਕਲ ਤਹਿ ਆਏ। ਦੇਖਤ ਸਕਲ ਤਮਾਸਾ ਭਾਰੀ। ਕੌਨ ਗਤੀ ਹੁਇ ਹੈ ਕਰਤਾਰੀ। ਇਤਨੇ ਮਹਿ ਕਾਜੀ ਹੁਇ ਠਾਢੋ। ਦਈ ਬਾਂਗ ਊਚੇ ਸੁਰ ਕਾਢੋ। ਸਹਤ ਨਵਾਬ ਵੁਜੂ ਸਭ ਕੀਨਾ। ਨਮਾਜ ਪਠਨ ਹਿਤ ਸਫ ਬੰਧ ਲੀਨਾ। ਦੇਖਤ ਗੁਰੂ ਤਮਾਸ਼ਾ ਸਾਰਾ। ਰੰਚਕ ਬੈਨ ਨ ਮੁਖੋਂ ਉਚਾਰਾ। ਬੈਠ ਰਹੇ ਅਚਲ ਨਿਜ ਆਸਨ। ਨਿਜ ਸਰੂਪ ਮਹਿ ਜਹਿ ਨਿਧਯਾਸਨ। ਜਬ ਪੜ੍ਹ ਲਈ ਨਮਾਜ ਸਭੀ ਨੇ। ਪਾਸ ਗੁਰੂ ਆ ਬਹੇ ਤਬੀਨੇ। ਕਹਯੋ ਨਵਾਬ ਤੁਮ ਖੜੇ ਨ ਹੋਏ ਅਪਨੇ ਬਚਨ ਸਕਲ ਤੁਮ ਖੋਏ। ਕਹਾ ਗੁਰੂ ਤੁਮ ਮੋਹ ਬਤਾਵੋ। ਪਠਨ ਨਮਾਜ ਸੁ ਰੀਤ ਸੁਨਾਵੋ। ਤਬ ਕਾਜੀ ਸਮਝਾਵਨ ਲਾਗੋ। ਅਪਨੇ ਦੀਨ ਮਾਹਿ ਹੁਇ ਪਾਗੋ। ਪ੍ਰਥਮ ਮਸੀਤ

ਮਾਂਹਿ ਨਰ ਜਾਵੇ। ਜਾਇ ਮੁਸੱਲਾ ਤਹਾਂ ਬਿਛਾਵੇ। ਪੜ੍ਹੇ ਨਮਾਜ ਕੁਰਾਂਨ ਤਿਆਰੀ। ਸੁੰਨਤ ਰੋਜਾ ਦੀਨ ਪੁਕਾਰੀ। ਇਤਯਾਦਿਕ ਬਿਧ ਜੋ ਥੀ ਸਾਰੀ। ਕਹੀ ਖੋਲ ਤਿਨ ਗੁਰੂ ਅਗਾਰੀ। ਜਾਕੋ ਸੁਨਤ ਗੁਰੂ ਹਸ ਬੋਲੇ। ਯਹ ਤੋ ਸਾਚ ਦੀਨ ਨਹਿ ਭੋਲੇ। ਸਾਚੀ ਨਾਂਹਿ ਰੀਤ ਜੋ ਗਾਈ। ਯਾ ਤੇ ਸਰੇ ਕਾਮ ਨਹਿ ਰਾਈ। ਸਾਚੇ ਮੋਮਨ ਹੋਵਨ ਕਾਜਾ। ਸੁਨੋ ਸਕਲ ਮਨ ਦੇਕਰ ਸਾਜਾ॥

ਮਿਹਰੁ ਮਸੀਤ ਸਿਦਕ ਮੁਸੱਲਾ ਹਕੁ ਹਲਾਲੁ ਕੁਰਾਨ। ਸਰਮ ਸੁੰਨਤ ਸੀਲ ਰੋਜਾ ਹੋਹ ਮੁਸਲਮਾਨ। ਕਰਨੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ। ਤਸਬੀ ਸਾਤਿ ਸੁਭਾਵਸੀ ਨਾਨਕ ਰਖੇ ਲਾਜ॥੧॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ। ਗੁਰ ਪੀਰੁ ਹਾਮਾਂ ਤਾ ਭਰੇ ਜਉ ਮੁਰਦਾਰੁ ਨ ਖਾਇ। ਗੱਲੀਂ ਭਿਸਤ ਨ ਜਾਈਐ ਛੁਟੇ ਸਚੁ ਕਮਾਇ। ਮਾਰਨ ਪਾਹਿ ਹਰਾਮ ਮਹਿ ਹੋਇ ਹਲਾਲ ਨ ਜਾਇ। ਨਾਨਕ ਗੱਲੀ ਕੂੜੀਆ ਕੂੜੋ ਪਲੈ ਪਾਇ।੨॥ ਪੰਜ ਨਿਵਾਜਾਂ ਵਖਤ ਪੰਜ ਪੰਜਾ ਪੰਜੇ ਨਾਉ। ਪਹਲਾ ਸਚੁ ਹਲਾਲ ਦੁਇ ਤੀਜੈ ਖੈਰ ਖੁਦਾਇ। ਚੌਥੀ ਨੀਅਤ ਰਾਸ ਕਰ ਪੰਜਵੀ ਸਿਫਤ ਸਲਾਹਿ। ਕਰਣੀ ਕਲਮਾ ਆਖਕੇ ਮੁਸਲਮਾਨ ਸਦਾਇ। ਨਾਨਕ ਜੇਤੇ ਕੂੜਿਆਰ ਕੂੜੇ ਕੂੜੀ ਪਾਇ।੩॥

ਚੌਪਈ

ਸੁਨ ਨਵਾਬ ਜੂ ਸਾਚੋ ਦੀਨ। ਜਿਸ ਪਰ ਚਹੀਏ ਕਰਨ ਯਕੀਨ। ਮੁਸਲਮਾਨ ਹੋਵੋ ਤੁਮ ਸਾਚੇ। ਦੂਰ ਕਰੋਗੇ ਬੰਧਨ ਕਾਚੇ। ਮਿਹਰ ਮਸੀਤ ਮਾਂਹਿ ਤੁਮ ਭਾਈ। ਸਿਦਕ ਮੁਸੱਲਾ ਲੇਹੁ ਬਿਛਾਈ। ਹੱਕ ਹਲਾਲ ਪਛਾਨਨ ਜੋਈ। ਪਠਨ ਕੁਰਾਨ ਜਾਨੀਏ ਸੋਈ। ਕਰੋ ਸ਼ਰਮ ਕੀ ਸੁੰਨਤ ਪਿਆਰੇ। ਹੈਵਾਨੀ ਸ਼ਹਵਤ ਪਰ ਹਾਰੇ। ਧਰੋ

ਸੀਲ ਕੋ ਰੋਜਾ ਸਾਚੋ। ਤਰਕ ਕਰੋ ਭੋਗਨ ਮਤ ਕਾਚੋ। ਇਨ ਬਾਤਨ ਸੋ ਚੀਤ ਲਗਾਵੇ। ਮੁਸਲਮਾਨ ਸਾਚੇ ਕਹਿਲਾਵੇ। ਸੁਭ ਕਰਮਨ ਕੀ ਕਰਨੀ ਜੋਈ। ਸੁਨ ਕਾਬਾ ਕਹੀਏ ਭਲ ਸੋਈ। ਨਹੀਂ ਪੀਰ ਕੋ ਕਲਮਾ ਔਰੇ। ਏਕ ਸਾਚ ਕੋ ਜਾਨੋ ਬੌਰੇ। ਜਾ ਸਮ ਔਰ ਬਡਾ ਨਹਿ ਕੋਇ। ਸਕਲ ਸਿਰੋਮਨ ਪਈਏ ਸੋਇ। ਯਾ ਕਲਮੇ ਸਮਸਰ ਜਗ ਮਾਹੀਂ। ਦੂਸਰ ਔਰ ਕਦਾਚਿਤ ਨਾਹੀਂ। ਮਿਹਰ ਦੀਨ ਜਨ ਊਪਰ ਜੋਈ। ਅਹੇ ਨਿਵਾਜ ਸੁਮਾਰੀ ਸੋਈ। ਤੁਮ ਗਾਈ ਕੋ ਕਹਤ ਹਲਾਲਾ। ਔਰ ਹਰਾਮ ਸੂਰ ਕਰ ਡਾਲਾ। ਸੋ ਯਹ ਦੋਨੋਂ ਸਾਚੀ ਨਾਂਹੀਂ। ਸਮਝ ਪਿਖੋ ਅਪਨੇ ਮਨ ਮਾਂਹੀ। ਹੱਕ ਪਰਾਯਾ ਛੀਨੇ ਜੋਈ। ਹਿੰਦ ਹੋਇ ਮੁਸਲਮਾਂ ਕੋਈ। ਹਿੰਦੂ ਕੋ ਵਹੁ ਗਊ ਸਮਾਨਾ। ਮੁਸਲਮਾਨ ਕੋ ਸੂਰ ਵਖਾਨਾ। ਅਵਤਾਰ ਨਬੀ ਤਬ ਸਾਖੀ ਦੈ ਹੈ। ਹਕ ਪਰਾਯਾ ਜੋ ਨਹਿ ਖੈ ਹੈ। ਜੋ ਨਹਿ ਤਜੇ ਖਾਇ ਮੁਰਦਾਨਾ। ਗੁਰੂ ਪੀਰ ਨਹਿ ਦੇਤ ਸਹਾਰਾ। ਬਾਤਨ ਸੇ ਸੂਰਗੇ ਨਹਿ ਜਾਵੈ। ਤਬ ਛੂਟੇ ਜਬ ਸਾਚ ਕਮਾਵੈ। ਹਰਾਮ ਹਲਾਲ ਨ ਹੋਵਤ ਭਾਈ। ਅਧਕ ਮਸਾਲੇ ਭੀਤਰ ਪਾਈ। ਕੂੜੀ ਬਾਤ ਕਰਤ ਜੋ ਮੂੜਾ। ਤਹਿ ਪੱਲੇ ਪੜ ਹੈ ਸਦ ਕੂੜਾ। ਪਾਂਚ ਵਕਤ ਕੀ ਪਾਂਚ ਨਿਵਾਜੇਂ। ਪਾਂਚ ਨਾਮ ਤਿਨਕੇ ਯਹ ਸਾਜੇ। ਜਾਕੇ ਪਠਨ ਕਰਨ ਤੇ ਭਾਈ। ਲਹੋ ਨਜਾਤ ਸਦਾ ਸੁਖਦਾਈ। ਪਹਿਲੀ ਸੱਚ ਜਾਨ ਮਨ ਮਾਂਹੀ। ਜਾਕੇ ਸਮਸਰ ਦੂਸਰ ਨਾਂਹੀ। ਦੂਸਰ ਜਾਨ ਹਲਾਲ ਪਿਆਰੀ। ਦੂਸਰ ਵਸਤ ਸਰਲ ਸਮ ਧਾਰੀ। ਨਿਜ ਧਨ ਨਿਜ ਘਰ ਪੁਨ ਨਿਜ ਨਾਰੀ। ਸਦਾ ਰਹਿਤ ਜਾਕੇ ਮਨ ਪਿਆਰੀ। ਤੀਸਰ ਅਹੇ ਅਰਾਧਨ ਤਾਕਾ। ਸਰਬ ਜਗਤ ਰਚਿਆ ਹੈ ਜਾਕਾ। ਚੌਥੀ ਚਿੱਤ ਬ੍ਰਿੱਤ ਕੋ ਸਾਧੇ। ਬੁਰੀ ਬਾਸਨਾ ਮਨ ਤੇ ਬਾਧੇ। ਪੰਚਮ ਅੱਲਹ ਕੀ ਵਡਿਆਈ। ਸਦਾ ਕਰੇ ਜਾ ਸਮ ਨਹੀਂ ਕਾਈ। ਦੂਸਰ ਤਾਹਿ ਸ਼ਰੀਕ ਨ ਕੋਈ। ਪਾਕ ਜਾਤ ਏਕੋ ਹੈ ਸੋਈ। ਨੇਕ ਅਮਲ ਕੋ ਕਰਨੋ ਜੋਈ। ਕਲਮਾਂ ਸਾਚਾ ਜਾਨੋ ਸੋਈ। ਇਨ ਸਾਧਨ ਕੋ ਜਬ ਤੁਮ ਕਰਹੋ। ਪੀਛੇ ਨਾਮ ਮੁਸਲਮਾਂ ਧਰਹੋ। ਨਾਤਰ ਕੂੜ

ਕਹੈ ਨਰ ਜੋਈ। ਕੂੜ ਪਰਾਪਤ ਤਾਕੋ ਹੋਈ। ਝੂਠੇ ਕਰਮ ਕਰਤ ਨਰ ਜੋਈ। ਨਹੀਂ ਮੁਸਲਮਾਂ ਹੋਵਤ ਕੋਈ। ਯਹ ਜੋ ਦੀਸਤ ਚਾਰ ਦਿਵਾਰੀ। ਖਾਨਾ ਕਹੋ ਖੁਦਾਇ ਪੁਕਾਰੀ। ਸੋ ਸਾਚੀ ਨਰ ਬਾਤ ਪਿਆਰੇ। ਮਨ ਮਹਿ ਦੇਖੋਂ ਠੀਕ ਵਿਚਾਰੇ। ਜਿਸ ਅੱਲ੍ਹਾ ਮਹਿ ਸਕਲ ਜਹਾਨਾ। ਸਕਲ ਸ੍ਰਿਸਟ ਕਰਤਾ ਜਿਹ ਮਾਨਾ। ਸੋ ਇਸ ਛੋਟੇ ਕੋਠ ਮਾਹੀਂ। ਤੁਮਰੇ ਕਹ ਆਵਤੋ ਨਾਹੀਂ। ਟੂਟ ਫੂਟ ਯਹ ਜਾਇ ਮੁਸੱਲਾ। ਤਾਹਿ ਬਿਛਾਇ ਨ ਪਈਯਤ ਅੱਲ੍ਹਾ। ਯਹ ਕੁਰਾਨ ਜੋ ਅਰਬੀ ਭਾਖਾ। ਏਕ ਪੁਰਖ ਨੈ ਤੁਮ ਹਿਤ ਰਾਖਾ। ਕਈ ਪ੍ਰਕਾਰ ਬਚਨ ਤਿਸ ਮਾਹੀ। ਕਾਫਰ ਮਾਰਨ ਆਦਿਕ ਆਹੀ। ਯੂਸਫ ਔਰ ਜੁਲੇਖਾ ਆਦੀ। ਕਿੱਸੇ ਲਿਖੇ ਤੁਮਾਰੇ ਹਾਦੀ। ਸੋ ਨਜਾਤ ਕੋ'ਰਾਹ ਨ ਜਾਨੋ। ਯਾ ਬਿਧ ਕੇ ਝੇੜੇ ਜਹ ਮਾਨੋ। ਇਬਰਾਹੀਮ ਨਾਰ ਕੋ ਕਾਜਾ। ਸੁੰਨਤ ਲਖਾਂ ਕਟਾਈ ਲਾਜਾ। ਸੋ ਤੋ ਉਸ ਕੋ ਥੋ ਇਕਰਾਰਾ। ਤੁਮ ਅਪਨੇ ਊਪਰ ਕਿਉਂ ਧਾਰਾ। ਭੂਖੇ ਮਰੇ ਖੁਦਾਇ ਨ ਰੀਝੇ। ਨਹਿ ਰੰਚਕ ਮਨ ਅਪਨਾ ਸੀਝੇ। ਤੌ ਰੋਜਾ ਰਖ ਭੂਖੇ ਮਰਨਾ। ਕਹੋ ਕਾਮ ਯਾ ਤੇ ਕਿਆ ਸਰਨਾ। ਸਕਲ ਜਹਾਨ ਮਾਂਹਿ ਜੋ ਹਈਏ। ਸੋ ਕਾਬੇ ਮਹਿ ਕਿਉਂ ਕਰ ਪਈਏ। ਕਾਬਾ ਨਾਹਿ ਖੁਦਾ ਕੋ ਘਰ ਹੈ। ਜੋ ਖੁਦਾਇ ਸਭ ਦੁਨੀਆ ਧਰ ਹੈ। ਪੁਨ ਕਲਮਾ ਜੋ ਐਸ ਪ੍ਰਕਾਰਾ। ਤੁਮ ਨੇ ਨਿਜ ਮੁਖ ਮਾਂਹਿ ਪੁਕਾਰਾ। ਲਾਇ ਇਲਾਹਾ ਇੱਲਿੱਲਾ ਹੈ। ਮੁਹੰਮਦ ਨਬੀ ਰਸੂਲਿੱਲਾ ਹੈ। ਪਹਿਲੀ ਬਾਤ ਠੀਕ ਹੈ ਸਾਰੀ। ਦੂਸਰ ਮੈਂ ਕੁਛ ਅਹੇ ਵਿਚਾਰੀ। ਰਸੂਲ ਨਾਮ ਜੋ ਭੇਜਾ ਜਾਏ। ਅਰਬੀ ਭਾਸ਼ਾ ਮਹਿ ਤਹਿ ਗਾਏ। ਸੋ ਜੋ ਜੀਵ ਜਗਤ ਮਹਿ ਆਯੋ। ਅਕਾਲ ਪੁਰਖ ਨੇ ਤਾਹਿ ਪਠਾਯੋ। ਤਾਂ ਤੇ ਸਕਲ ਰਸੂਲ ਪਛਾਨੋ। ਏਕ ਪੁਰਖ ਕੋ ਕਾਹੇ ਮਾਨੋ। ਈਸ ਅਰਾਧਨ ਕਾਰਨ ਪਿਆਰੇ। ਨਹੀਂ ਸਮਯ ਕੀ ਹੈ ਦਰਕਾਰੇ। ਜਾਹਿ ਸਮਯ ਹਰ ਕੋ ਮਨ ਚਾਹੇ। ਤਿਸੀ ਸਮੇਂ ਤਿਸ ਕੋ ਨਰ ਧਿਯਾਹੇ। ਕਹੋ ਗਊ ਕਿਉਂ ਹੋਇ ਹਲਾਲਾ। ਕਿਮ ਹਰਾਮ ਸੂਅਰ ਕਰ ਡਾਲਾ। ਬਨੇ ਅਨਾਸਰ ਤੇ ਹੈਂ ਦੋਊ। ਜੀਵ ਪ੍ਰਾਣ ਏਕ ਸੇ

ਹਊ। ਏਕ ਤਜੇ ਪੁਨ ਦੂਸਰ ਮਾਰੋ। ਨਹ ਖੁਦਾਇ ਅਸ ਤੋਹਿ ਉਚਾਰੋ। ਤਾਂਤੇ ਯਹ ਜੋ ਦੀਨ ਤੁਮਾਰਾ। ਸਕਲ ਜਗਤ ਹਿਤ ਨਾਂਹਿ ਪਿਆਰਾ। ਦੀਨ ਖੁਦਾ ਕਾ ਸਭ ਕੋ ਏਕਾ। ਮੇਰ ਤੇਰ ਜਹਿ ਨਾਂਹਿ ਬਿਬੇਕਾ। ਤਾਂ ਤੇ ਮੇਰਾ ਦੀਨ ਵਹੀ ਹੈ। ਜਹ ਮਾਨਸ ਕ੍ਰਿਤ ਦੀਨ ਨਹੀਂ ਹੈ। ਮੈਂ ਖੁਦਾਇ ਇਨ ਔਰ ਨ ਜਾਨੋ। ਨਹੀਂ ਰਸੂਲ ਕਿਸੀ ਕੋ ਮਾਨੋ। ਸੁਨੇ ਨਵਾਬ ਬਚਨ ਜਬ ਐਸੇ। ਸਾਵਨ ਕੋ ਘਟ ਗਰਜਤ ਜੈਸੇ। ਹਰਖਤ ਭਯੋ ਗੁਰੂ ਪਗ ਲਾਗੋ। ਕਹਤ ਆਜ ਮੈਂ ਆਹਿ ਸਭਾਗੋ। ਤੂੰ ਦਰਵੇਸ਼ ਖੁਦਾ ਕਾ ਪਿਆਰਾ। ਪੱਖ ਪਾਤ ਤੈ ਨੇ ਤੱਜ ਡਾਰਾ। ਕਾਜੀ ਸਹਿਤ ਲੋਗ ਜੋ ਸਾਰੇ। ਅਚਰਜ ਭਏ ਸੁ ਚੀਤ ਮੁਝਾਰੇ। ਕਰ ਪਰਨਾਮ ਵਿਦਾ ਗੁਰ ਕੀਨੇ। ਪਰਮ ਪ੍ਰੇਮ ਮਹਿ ਜਹਿ ਮਨ ਭੀਨੇ। ਯਹ ਉਪਦੇਸ ਨਵਾਬਹਿ ਭਾਖਾ। ਪੁਨ ਕਾਜੀ ਪ੍ਰਤਿ ਐਸੇ ਆਖਾ। ਜਾਤੇ ਭਰਮ ਤਿਨੋਂ ਕਾ ਖੋਯੋ। ਸੀਤਲ ਰਿਦਾ ਜਾਹ ਸੁਨ ਹੋਯੋ। ਕਹੋ ਜਗਤ ਮਹਿ ਹੈਂ ਕੋ ਔਰੇ। ਗੁਰ ਨਾਨਕ ਬਿਨ ਜਿਨਯਾ ਤੌਰੇ। ਸਕਲ ਜਨੋ ਕੋ ਨਿਰਭੈ ਹੋਕਰ। ਕੀਏ ਹੋਰ ਉਪਦੇਸ ਯਾਹ ਧਰ। ਕਹਤੇ ਤੁਰੇ ਗੁਰੂ ਅਵਤਾਰੀ। ਤਲਵੰਡੀਆਵਨ ਸਿਧ ਧਾਰੀ॥

ਤਲਵੰਡੀ ਪਿਤਾ ਪ੍ਰਬੋਧ

ਚੌਪਈ

ਆਇ ਕੂਪ ਪਰ ਡੇਰਾ ਕੀਓ। ਮਾਤ ਤਾਤ ਨੇ ਤਬ ਸੁਣ ਲੀਓ। ਭਰੇ ਸਨੇਹ ਅਧਕ ਮਨ ਮਾਂਹੀ। ਸੁਤ ਕੇ ਮਿਲਨ ਹੇਤ ਚਲ ਜਾਹੀ। ਚਾਚਾ ਲਾਲੂ ਸੰਗ ਸਿਧਾਯਾ। ਔਰ ਨਗਰ ਸੁਨ ਕਰ ਬਹੁ ਧਾਯਾ। ਜਾਇ ਪਿਤਾ ਮਾਤਾ ਜਬ ਧੋਰੇ। ਬੋਲੇ ਮਧਰ ਨੈਨ ਜਲ ਛੋਰੇ। ਉੱਠੇ ਗੁਰੂ ਮਰਯਾਦਾ ਧਾਰੀ। ਮਾਤ ਤਾਤ ਪ੍ਰਤਿ ਬੰਦਨ ਧਾਰੀ। ਕਰ ਸਨਮਾਨ ਸੁ ਪਾਸ ਬਿਠਾਏ। ਦੋਨੋ ਕੇ ਪਗ ਸੀਸ ਝੁਕਾਏ। ਦੇਖੀ ਸੰਤ ਬ੍ਰਿੱਤ ਜਬ ਤਾਤਾ। ਬੋਲਯੋ ਬਚਨ ਮਧਰ ਵਖਯਾਤਾ। ਹੇ ਸੁਤ ਘਰ ਦਰ ਤਜ ਕਰ ਕਾਹੇ। ਤੁਮ ਚਲਤੇ ਹੋ ਰਾਹ ਕੁਰਾਹੇ। ਸਭ ਕੁਛ ਪਰਮੇਸ਼ੁਰ ਘਰ ਦੀਨਾ। ਕਿਸੇ ਵਸਤ

ਕੀ ਕਮੀ ਕਬੀ ਨਾ। ਹੋਇ ਸੱਤ ਤੁਮ ਭਰਮ ਨ ਕਰ ਹੈਂ। ਨਾ ਨਾ ਖੇਦ ਸੀਸ ਪਰ ਧਰਹੈਂ। ਦੁਖ ਸੁਖ ਭੁਖ ਪਿਆਸ ਸਹਾਰੇ। ਬਰਖਾ ਸੀਤ ਘਾਮ ਦੁਖ ਭਾਰੇ। ਤਾਕੋ ਸਹੇ ਮਾਂਗ ਕਰ ਖੈ ਹੈ। ਨਿਸਾ ਕਹੀਂ ਦਿਨ ਕਹੀਂ ਬਤੇ ਹੈਂ। ਬਿਨਾ ਪਲੰਘ ਧਰਤੀ ਪਰ ਧਰ ਹੈਂ। ਜੀਰਨ ਬਸਨ ਦੇਹ ਪਰ ਧਰ ਹੈਂ। ਤਾਂਤੇ ਹਮ ਤੁਮਕੋ ਯਹ ਕਹਤੇ। ਕਿਉਂ ਤੁਮ ਘਰ ਹੀ ਮਹਿ ਨਹਿ ਰਹਤੇ। ਅਨਕ ਪ੍ਰਕਾਰ ਭੋਗ ਰਸ ਨੀਕੇ। ਜੋ ਭਾਵਤ ਤੁਮਰੇ ਭਲ ਜੀਕੇ। ਬਿੰਜਨ ਕਈ ਪ੍ਰਕਾਰ ਅਹਾਰਾ। ਬੈਠ ਛਕੋ ਘਰ ਕਰੋ ਗੁਜਾਰਾ ਯਹੀ। ਤਾਤ ਜਬ ਗੁਰ ਪ੍ਰਤਿ ਭਾਖਾ। ਬਹੁਰ ਗੁਰੂ ਹਸ ਕਰ ਇਸ ਆਖਾ। ਸੁਨੀਏ ਤਾਤ ਬਾਤ ਅਬ ਮੋਰੀ ਤੋ ਕਰਨਾ ਕੁਛ ਆਹਿ ਨ ਥੋਰੀ। ਪਰ ਯਹ ਰਸ ਕਸ ਜਗ ਕੇ ਜੇਊ। ਹੈਂ ਦੁਖ ਮੂਲ ਤਜੇ ਮੈਂ ਸੋਊ। ਜਾਕੇ ਖਾਏ ਵਧੇ ਵਿਕਾਰਾ। ਤਿਨ ਕੋ ਮੈਂ ਮਨ ਤੇ ਤਜ ਡਾਰਾ। ਜੋ ਭੋਜਨ ਮੋਰੇ ਮਨ ਭਾਵੈ। ਸੋਈ ਸੁਨੋ ਨਸੰਕ ਕਰਾਵੈ॥

ਸਭਿ ਰਸੁ ਮਿਠੇ ਮੰਨੀਐ ਸੁਣਿਐ ਸਾਲੋਣੇ। ਖਟ ਤੁਰਸੀ ਮੁਖਿ ਬੋਲਣਾ ਮਾਰਨ ਨਾਦੁ ਕੀਏ॥ ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥ ਬਾਬਾ ਹੋਰ ਖਾਣਾ ਖੁਸੀ ਖੁਆਰੁ। ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰੁ॥

ਚੌਪਈ

ਅਹੋ ਤਾਤ ਭੋਜਨ ਮਮ ਏਹਾ। ਜੋ ਮੈਂ ਪ੍ਰਗਟ ਤੋਹਿ ਢਿਗ ਕੇਹਾ। ਮਿੱਠੇ ਭੋਜਨ ਜਗ ਕੇ ਜੇਤੇ। ਮਨਨ ਪ੍ਰਭੂ ਕੇ ਕਰਹੋ ਤੇਤੇ। ਤਾ ਕਾ ਸਰਵਨ ਕਰਨਾ ਜੋਈ। ਅਹੇ ਸਲੂਣਾ ਭੋਜਨ ਸੋਈ। ਅਨਕ ਭਾਵ ਕਰ ਤਹ ਜਸ ਗਾਵਾ। ਖਟ ਤੁਰਸੀ ਭੋਜਨ ਯਹ ਭਾਵਾ ਪ੍ਰੇਮ ਧੁਨੀ ਮੁਖ ਤੇ ਜੋ ਨਿਕਸੇ। ਯਹੀ ਮਸਾਲੇ ਪਾ ਮਨ ਵਿਗਸੇ। ਯਾਤੇ ਭਿੰਨ ਔਰ ਜੋ ਖਾਣਾ। ਬਾਬਾ ਖੁਸੀ ਖੁਆਰ ਪਛਾਣਾ। ਜਿਹ ਖਾਧੇ ਤਨ ਪੀੜਾ ਪਾਏ। ਮਨ ਮਹਿ ਚਲਹਿ ਵਿਕਾਰ ਸਬਾਏ। ਸੋ ਖਾਣਾ ਮੁਝ ਕੋ ਨਹਿ

ਚਹੀਏ। ਜਹ ਖਾਧੇ ਪ੍ਰਭ ਕੋ ਵਿਸਰੀਏ। ਯਹ ਖਾਣਾ ਮੈਨੇ ਅਬ ਖਾਯਾ। ਜਾਤੇ ਮੇਰੋ ਮਨ ਵਿਗਸਾਯਾ ਸੁਨੀ ਪਿਤਾ ਜਬ ਐਸੀ ਬਾਨੀ। ਬੋਲਯੋ ਬਹੁਰ ਨੇਹੁ ਮਨ ਆਨੀ। ਹੇ ਸੁਤ ਯਦਿ ਯਪ ਤੁਮ ਹੋ ਐਸੇ। ਮਹਾਂ ਪੁਰਖ ਹੋਵਤ ਹੈਂ ਜੈਸੇ। ਪਰ ਸੁਤ ਭਾਵਨ ਹਮਰੀ ਜੋਈ। ਨਹੀਂ ਸਨੇਹ ਤਜਤ ਹੈ ਸੋਈ। ਤਾਂ ਤੇ ਘਰ ਤਜ ਕਰ ਨਹ ਜਾਵੋ। ਜੋ ਚਾਹੋ ਸੋਈ ਕਰਵਾਵੋ। ਨਾ ਨਾ ਰੰਗ ਹੰਢਾਵੋ ਚੀਰਾ। ਜਾਤੇ ਸੋਭਤ ਤੋਹ ਸਰੀਰਾ। ਸੁਰਖ ਸੁਪੇਦ ਸਿਆਹ ਹੰਢਾਵੋ। ਜਤ ਭਾਵੇ ਤਤ ਸੈਲ ਕਰਾਵੋ। ਧਨ ਕੀ ਘਰ ਮੈਂ ਕਮੀ ਨਾ ਕੋਈ। ਅਹੇ ਜੁਆਨ ਭੋਗ ਤੁਮ ਸੋਈ। ਘਰ ਹੀ ਮਹਿ ਸਗਲੇ ਸੁਖ ਮਾਣੋ। ਹਮ ਬੂਢੇ ਤੁਮ ਹਮਰੋ ਤਾਣੋ। ਸੁਨਤ ਦਯਾ ਨਿਧ ਐਸ ਉਚਾਰੀ ਅਹੇ ਸੁੱਤ ਸਭ ਬਾਤ ਤੁਮਾਰੀ। ਪਰ ਯਹ ਹੈਂ ਸੁੰਦਰ ਪਟ ਜੇਤੇ। ਮੋ ਕੋ ਕਰਤ ਨਾ ਸੁੰਦਰ ਤੇਤੇ। ਸਮਾਂ ਪਾਇ ਜੀਰਨ ਹੋ ਜਾਵੇ। ਮਲਨ ਹੋਤ ਫਾਟਤ ਕਿਸ ਆਵੇ। ਜਾਂਤੇ ਮੈਂ ਇਨ ਕੋ ਨਹਿ ਚਾਹੋਂ। ਸਾਚੇ ਬਸਨ ਓਢ ਸੁਖ ਪਾਹੋਂ। ਜੋ ਜੋ ਰੰਗ ਪਹਰ ਮੈਂ ਲੀਨੇ। ਸੋ ਸੁਨੀਏ ਨਿਜ ਮਨ ਕੋ ਦੀਨੇ। ਹਸ ਕਰ ਸਬਦ ਉਚਾਰਨ ਕੀਨਾ। ਸੁਨਤੇ ਜਾਂਹਿ ਮਿਟੇ ਤਪ ਤੀਨਾ॥ ॥੧॥ **ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥ ਨੀਲੀ ਸਿਆਹੀ ਕਦਾ ਕਰਣੀ ਪੇਹਰਣ ਪੈਰ ਧਿਆਨੁ॥ ਕਮਰਬੰਦ ਸੰਤੋਖੁ ਕਾ ਧਨ ਜੋਬਨ ਤੇਰਾ ਨਾਮੁ॥ ਬਾਬਾ ਹੋਰ ਪੈਨਣੁ ਖੁਸੀ ਖੁਆਰੁ॥ ਜਿਤ ਪੈਧੇ ਤਨੁ ਪੀੜੀਐ ਮਨੁ ਮਹਿ ਚਲਹਿ ਵਿਕਾਰੁ॥**

ਚੌਪਈ

ਏਕ ਅਕਾਲ ਸਾਥ ਮਨ ਮੱਤਾ। ਯਹ ਪਹਰਨ ਹਮ ਜਾਨਯੋ ਰੱਤਾ। ਅਹੇ ਸੁਫੈਦ ਦਾਨ ਕਰ ਕਰਨਾ। ਪਾਪ ਦਾਗ ਪਹਿ ਪੈਧੇ ਹਰਨਾ। ਊਜਲ ਮਸਤਕ ਹਮ ਦਰਵਾਰੇ। ਯਹ ਪਹਰਯੋ ਮੈਂ ਕਰ ਅਤ ਪਿਆਰੇ। ਅਗਯਾਨ ਸਿਆਹੀ ਹਰਨੇਹਾਰਾ। ਕਰਨੀ ਲੀਨ ਬਸਨ ਮੈਂ ਧਾਰਾ। ਅਕਾਲ ਧਯਾਨ ਪਹਰਯੋ ਪਹਿਰਾਇਨ। ਹਰ ਚਰਨਨ

ਮਨ ਭਯੋ ਪਰਾਇਨ। ਕਮਰਬੰਦ ਸੰਤੋਖ ਬਧਾਯੋ। ਜਾ ਸੋ ਅਪਨੋ ਮਨ ਠਹਰਾਯੋ। ਧਨ ਜੋਬਨ ਇਕ ਹਰਿ ਕੋ ਨਾਮਾ। ਜਾ ਬਿਨ ਅਵਰ ਤੁੱਛ ਸਭ ਕਾਮਾ। ਬਾਬਾ ਯਾ ਬਿਨ ਪਹਿਰਨ ਜੋਈ। ਸੋ ਭਾਖਯੋ ਸੰਸਾ ਨਹਿ ਕੋਈ। ਸੁਨਤ ਤਾਤ ਮਨ ਪ੍ਰੀਤ ਉਪਾਈ। ਬੋਲਯੋ ਬਹੁਰ ਬੈਨ ਸੁਖਦਾਈ। ਹੇ ਸੁਤ ਤੁਝੇ ਨ ਕੁਛ ਜਗ ਚਾਹੇ। ਜਾਤੇ ਪਰਯੋ ਭਗਤ ਜਨ ਰਾਹੇ। ਤੱਦ ਯਪ ਹਮਰੇ ਹਿਤ ਯਹ ਕੀਜੇ। ਅਪਨੇ ਗ੍ਰਹ ਨਿਵਾਸ ਭਲ ਲੀਜੇ। ਨਹਿ ਤੋ ਕੋ ਕੋਈ ਦੁਖ ਦੈ ਹੈ। ਕਾਮ ਕਾਜ ਨਹਿ ਕੌਇ ਕਹੈ ਹੈ। ਮਨ ਪਰਚਾਵਨ ਜੀਨ ਸਵਾਰੀ। ਘੋੜੇ ਪਰ ਕਰੀਏ ਅਸਵਾਰੀ। ਤਰਗਸ ਤੀਰ ਕਮਾਨ ਲਗਾਏ। ਤੇਗ ਆਦਿਕ ਸ਼ਸਤਰ ਸਜਵਾਏ। ਕਰੋ ਅਨੰਦ ਨ ਰੰਚਕ ਡਰੀਏ। ਅਸ ਸੁਨ ਬੋਲੇ ਪਰਉਪਕਾਰੀ। ਸੁਨੋ ਤਾਤ ਮੋਰੀ ਅਸਵਾਰੀ॥

॥੧॥ ਰਹਾਉ॥ ਘੋੜੇ ਪਾਖਰ ਸੁਇਨੇ ਸਾਖਤ ਬੂਝਣ ਤੇਰੀ ਵਾਟ॥ ਤਰਗਸ ਤੀਰ ਕਮਾਨ ਸਾਂਗ ਤੇਗ ਬੰਦ ਗੁਣ ਧਾਤ॥ ਵਾਜਾ ਨੇਜੇ ਪਤਿ ਸਿਉ ਪ੍ਰਗਟ ਕਰਮ ਤੇਰਾ ਮੇਰੀ ਜਾਤਿ।੨॥ ਬਾਬਾ ਹੋਰ ਚੜਨਾ ਖੁਸੀ ਖੁਆਰੁ॥ ਜਿਤੁ ਚੜੀਐ ਤਨੁ ਪੀੜੀਐ ਮਨੁ ਮਹਿ ਚਲਹਿ ਵਿਕਾਰੁ॥

ਚੌਪਈ

ਘੋੜਾ ਸੁਇਨੇ ਪਾਖਰ ਸੰਗ। ਸੁੰਦਰ ਸਾਖਤ ਸਹਿਤ ਉਮੰਗਾ। ਮੈਂ ਅਪਨੇ ਹਿਤ ਲੀਨ ਸਵਾਰੇ। ਜਾ ਸਮ ਔਰਨ ਜਗਤ ਮੁਝਾਰੇ। ਅਕਾਲ ਪੁਰਖ ਮਾਰਗ ਮੈਂ ਜਾਨ। ਯਹ ਤੁਰੰਗ ਹਮਨੇ ਹੈ ਆਨਾ ਤਰਗਸ ਤੀਰ ਕਮਾਨਰ ਸਾਂਗਾ। ਮੈਂ ਅਕਾਲ ਤੇ ਯਹ ਹੈ ਮਾਂਗਾ। ਦੇਵੀ ਸੰਪਤ ਕੇ ਗੁਣ ਜੇਤੇ। ਪਹਿਰ ਲਏ ਸ਼ਸਤਰ ਮੈਂ ਤੇਤੇ। ਜਾਕੇ ਬਲ ਕਰ ਸੂਤ੍ਰ ਧਾਰੇ। ਪਤਿ ਸੋ ਪਰਗਟ ਹੋਂ ਸੰਸਾਰੇ। ਔਰ ਜਾਤ ਪੁਨ ਪਾਤ ਨ ਮੋਰੀ। ਇੱਕ ਅਕਾਲ ਕ੍ਰਿਪਾ ਮੈਂ ਹੋਰੀ। ਸੁਨ ਬਾਬਾ ਹੋਰ ਚੜ੍ਹਨਾ ਜੋਈ। ਖੁਸੀ ਖੁਆਰ

ਮਾਨੀਏ ਸੋਈ। ਜਿਤ ਚੜ੍ਹਿਆ ਤਨ ਸੰਕਟ ਪਾਏ। ਅਨਿਕ ਵਿਚਾਰ ਮਨਹਿ ਉਪਜਾਏ। ਸੋ ਚੜ੍ਹਨਾ ਮੁਝ ਕੋ ਨਹਿ ਭਾਵੈ। ਜਿਤ ਚੜ੍ਹਿਆਂ ਹਰ ਯਾਦ ਨ ਆਵੈ। ਤਾਂਤੇ ਯਹ ਅਸਵਾਰੀ ਮੋਰੀ। ਲੋਕ ਪ੍ਰਲੋਕ ਹੇਤ ਨਹਿ ਥੋਰੀ। ਜਬ ਗੁਰ ਅਸ ਬਚ ਬਚਨ ਉਚਾਰੇ। ਬਹੁਰ ਤਾਤ ਇਹ ਭਾਂਤ ਪੁਕਾਰੇ। ਕਤ ਕਾਰਨ ਅਸ ਭਾਖੋਂ ਬੈਨਾ। ਤਦ ਯਪ ਤੋਹ ਲੋਰ ਕੁਛ ਹੈਨਾ ਤਦ ਯਪ ਹਮਰੇ ਹੇਤ ਪਿਆਰੇ। ਕਰੋ ਕਾਜ ਹਮਰੇ ਸੁਖਕਾਰੇ। ਅਪਨੇ ਘਰ ਮਹਿ ਸਹਿ ਪਰਵਾਰ ਰਲ ਮਿਲ ਸਗਰੇ ਕਰੋ ਗੁਜਾਰਾ। ਹੁਕਮ ਕਰੋ ਸਭ ਊਪਰ ਬੈਠੇ। ਐਸੋ ਕੋਇ ਜੁ ਤੁਮ ਤੇ ਐਠੇ। ਸੁਖ ਕੀ ਨੀਂਦ ਸੋਇ ਘਰ ਮਾਂਹੀ। ਲੈਨ ਦੇਨ ਕਾਹੂੰ ਸੋ ਨਾਂਹੀ। ਤਾਂ ਤੇ ਮਾਨਹੁ ਬਾਤ ਹਮਾਰੀ। ਕੌਨ ਹਾਨ ਇਸ ਮਾਂਹਿ ਤੁਮਾਰੀ। ਜਬੀ ਤਾਤ ਇਸ ਭਾਂਤ ਅਲਾਈ। ਗਿਰਾ ਮਧਰ ਬੋਲੇ ਜਗ ਰਾਈ। ਸੁਨਹੁ ਪਿਤਾ ਜੀ ਮੰਦਰ ਮੋਰੇ। ਸਹਤ ਪ੍ਰਵਾਰ ਕਹੂੰ ਢਿਗ ਤੋਰੇ।।

।।੧।। ਰਹਾਉ।। ਘਰ ਮੰਦਰ ਖੁਸੀ ਨਾਮ ਕੀ ਨਦਰੁ ਤੇਰੀ ਪਰਵਾਰ। ਹੁਕਮ ਸੋਈ ਤੁਧ ਭਾਵਸੀ ਹੋਰ ਆਖਣ ਬਹੁਤ ਅਪਾਰ। ਨਾਨਕ ਸਚਾ ਪਾਤਸ਼ਾਹ ਪੂਛ ਨ ਕਰੇ ਬੀਚਾਰ ।੧। ਬਾਬਾ ਹੋਰ ਸੌਣਾ ਖੁਸੀ ਖੁਆਰੁ। ਜਿਤ ਸੁਤੇ ਤਨੁ ਪੀੜੀਐ ਮਨੁ ਮਹਿ ਚਲਹਿ ਵਿਕਾਰੁ।।੧।।

ਚੌਪਈ

ਘਰ ਅੰਦਰ ਮਹਿ ਬਸਨੇ ਹੇਤਾ। ਅਹੇ ਅਕਾਲ ਅਨੰਦ ਸੁਨੇਤਾ। ਜਾ ਅਨੰਦ ਮਹਿ ਮੈਂ ਸਦ ਰਹਿ ਹੋਂ। ਸਕਲ ਕਲੇਸ ਰਿਦੇ ਕੇ ਦਹਿ ਹੋਂ। ਅੰਧ ਕੂਪ ਸਮ ਹੈਂ ਘਰ ਔਰੇ। ਤਾਂ ਮਹਿ ਗਿਰੇ ਜੋਇ ਨਰ ਬੌਰੇ। ਯਹ ਘਰ ਅਹੇ ਪ੍ਰਕਾਸ਼ ਸਰੂਪਾ। ਸਦਾ ਨਿਰੰਜਨ ਪਰਮ ਅਨੂਪਾ। ਅਕਾਲ ਪੁਰਖ ਕੀ ਦ੍ਰਿਸ਼ਟੀ ਜੋਈ। ਸਕਲ ਪ੍ਰਵਾਰ ਮੂਲ ਹੈ ਸੋਈ। ਆਨ ਜਗਤ ਕੇ ਜੋ ਪਰਵਾਰਾ। ਹਰਖ ਸੋਗ ਕੋ ਅਹੇ ਅਗਾਰਾ। ਯਹ ਸੁਖ ਸਦਾ ਨ ਰੰਚਕ ਸੋਗਾ। ਮੁਕਤਾਦਿਕ ਸੁਖ ਹੈ ਜਹ ਭੋਗਾ। ਹੁਕਮ ਸੋਈ ਜੋ ਈਸ਼ੂਰ

ਭਾਵੇ। ਜਾ ਕੋ ਹੁਕਮ ਨ ਕੋਇ ਮਿਟਾਵੇ। ਤਾਂ ਤੇ ਤਿਸ ਕੋ ਭਾਵੇ ਜੋਈ। ਧਰਾ ਹੁਕਮ ਮੈਂਨੇ ਸਿਰ ਸੋਈ। ਜਾ ਕਾ ਕਥਨ ਅਨੰਤ ਅਪਾਰਾ। ਸਕਲ ਜਗਤ ਪ੍ਰਤਪਾਲਨਹਾਰਾ ਸੋ ਸਾਹਾਂ ਸਿਰ ਹੈ ਪਤਸਾਹਾ। ਅੰਤਰਜਾਮੀ ਰਿਜਕ ਸੰਬਾਹਾ। ਸਭ ਕੇ ਘਟ ਕੀ ਜਾਨਨਹਾਰਾ। ਪੂਛ ਨ ਕਾਹੂੰ ਕਰਤ ਵਿਚਾਰਾ। ਤਿਸ ਹੀ ਕਾ ਸੇਵਕ ਮੈਂ ਹੂਆ। ਨਿਜ ਮਨਤੇ ਤਜ ਦੀਨਾ ਦੂਆ। ਐਸੇ ਅਚਲ ਮੰਦਰ ਮਹਿ ਮੇਰਾ। ਸੋ ਵਨ ਹੇਤ ਲਗੋ ਸਦ ਡੇਰਾ। ਹੇ ਬਾਬਾ ਇਸ ਬਿਨ ਜੋ ਸੌਣਾ। ਤਾਹਿ ਅਨੰਦ ਅਹੇ ਦੁਖ ਭੌਣਾ ਜਿਸ ਸੋਏ ਤਨ ਦੂਖ ਭੁਗਾਏ। ਪੁਨ ਮਨ ਮਾਹਿ ਵਿਕਾਰ ਉਪਾਏ ਤਾਂ ਤੇ ਦੁਖਦਾਈ ਘਰ ਮਾਂਹੀ। ਸੇਵਨ ਚਾਹਤ ਮੈਂ ਜਗ ਨਾਂਹੀ ਤਾਂ ਤੇ ਸੰਸਾਰਕ ਸੁਖ ਜੇਤੇ। ਉਪਜਤ ਬਿਨ ਸਾਵਤ ਹੈਂ ਤੇਤੇ ਤਿਨ ਕੀ ਇੱਛਾ ਮੋਹਿ ਨ ਹਈਏ। ਜਾਤੇ ਤੁੱਛ ਸਕਲ ਵਹੁ ਪਈਏ ਜਬ ਗੁਰ ਜੂ ਪਿਤ ਪ੍ਰਤਿ ਯਹ ਗਾਯੋ ।ਸੁਨਤ ਤਾਤ ਇਸ ਭਾਂਤ ਅਲਾਯੋ ਜੋ ਤੁਮਰੇ ਮਨ ਮੇਂ ਯਹਿ ਭਾਵੈ। ਖੇਤੀ ਕਰੋ ਨ ਕੋਇ ਹਟਾਵੇ ਦਸ ਨਖ ਕੀ ਤੁਮ ਕਰੋ ਕਮਾਈ। ਖਾਇ ਹੰਢਾਇ ਸੰਕ ਨਹ ਕਾਈ ਯਹ ਸੁਨ ਕਰ ਗੁਰ ਸਬਦ ਉਚਾਰਾ। ਖੇਤੀ ਸਾਚੀ ਹੇਤ ਬਿਚਾਰਾ॥

ਮਨਿ ਹਾਲੀ ਕਿਰਸਾਣੀ ਕਰਣੀ ਸਰਮ ਪਾਣੀ ਤਨੁ ਖੇਤ॥ ਨਾਮ ਬੀਜ ਸੰਤੋਖੁ ਸੁਹਾਗਾ ਰਖ ਗਰੀਬੀ ਵੇਸ॥ ਭਾਉ ਕਰਮ ਕਰ ਜੰਮਸੀ ਸੇ ਘਰ ਭਾਗਨ ਦੇਖ।ਛੋਲਿਆ ਮਾਇਆ ਸਾਥ ਨ ਹੋਇ॥ ਇਨ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥੧॥ ਇਹ ਤਨੁ ਧਰਤੀ ਬੀਜ ਕਰਮਾ ਸਲਲ ਅਪਾਉ ਸਾਰੰਗ ਪਾਣੀ ॥ ਮਨਿ ਕਿਰਸਾਣ ਹਰਿ ਰਿਦੈ ਜਮਾਇ ਲੈਇ ਉਪਾਵਸ ਪਦ ਨਿਰਬਾਣੀ।੨॥ ਕਰ ਹਰਿ ਹਟਮਾਲ ਟਿੰਡ ਪਰੋਵਹੁ ਤਿਸ ਭੀਤਰ ਮਨਿ ਜੋਵਹੁ॥ ਅੰਮ੍ਰਿਤ ਸਿੰਚਹੁ ਭਰਹੁ ਕਿਆਰ ਤਉ ਮਾਲੀ ਕੇ ਹੋਵਹੁ॥੩॥ ਕਾਮ ਕ੍ਰੋਧ ਦੁਇ ਕਰਹੁ ਬਸੋਲੇ

ਗੋਡਹੁ ਧਰਤੀ ਭਾਈ॥ ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤ ਨ ਮੇਟਿਆ ਜਾਈ॥੪॥ ਬਗੁਲੇ ਤੇ ਫੁਨ ਹੰਸਲਾ ਹੋਵੈ ਜੇ ਤੂੰ ਕਰਹਿ ਦਿਇਆਲਾ॥ ਪ੍ਰਣਵਤ ਨਾਨਕ ਦਾਸਨ ਦਾਸਾ ਦਇਆ ਕਰਹੁ ਦਿਇਆਲਾ।੫॥

ਚੌਪਈ

ਅਹੋ ਪਿਤਾ ਜੋ ਤੁਮ ਕਿਰਸਾਣੀ। ਮੁਝ ਕੋ ਕਰਨੇ ਹੇਤ ਬਿਖਾਣੀ ਸੋ ਸਭ ਹੈ ਦੁਨੀਆ ਕਾ ਧੰਦਾ। ਨਹੀਂ ਮੁਕਤ ਹੋ ਜਾਤੇ ਬੰਦਾ ਅਕਾਲ ਪੁਰਖ ਮਾਰਗ ਕੀ ਖੇਤੀ। ਸੋ ਸੁਨੀਏ ਭਾਖਤ ਮੈਂ ਤੇਤੀ ਅੰਤਰ ਮੁਖੀ ਅਹੇ ਮਨ ਜੋਈ। ਮਨਨ ਸੀਲ ਆਤਮ ਕਾ ਹੋਈ ਸੋ ਹਾਲੀ ਕਰਨੀ ਕਿਰਸਾਣੀ ਕਰੇ ਲੇਖ ਪਦ ਜੋ ਨਿਰਬਾਣੀ ਦੁਰਾਚਾਰ ਕਰ ਮਨ ਤੇ ਲਾਜਾ। ਯਹ ਜਲ ਸਿੰਚੇ ਸੰਪਤ ਸਾਜਾ ਦੇਹੀ ਖੇਤ ਖਰੀ ਕਰ ਲੇਵੇ। ਸਮ ਦਮਾਦਿ ਸਾਧਨ ਕੋ ਸੇਵੇ ਅਕਾਲ ਪੁਰਖ ਕੋ ਚਿੰਤਨ ਜੋਈ। ਬੋਇ ਬੀਜ ਤਾਂ ਭੀਤਰ ਸੋਈ ਸੰਤੋਖ ਰੂਪ ਤਹਿ ਦੇਇ ਸੁਹਾਗਾ। ਚੂਰ ਨ ਕਰੇ ਮਾਨ ਮਦ ਰਾਗਾ ਸਭਕੀ ਰੇਨ ਕਰੇ ਮਨ ਅਪਨੇ। ਅਹੰ ਬ੍ਰਿੱਤ ਨਹਿ ਲਿਆਵੇ ਸੁਪਨੇ ਯਾ ਬਿਧ ਖੇਤੀ ਜਹਾਂ ਉਪਾਵੇ। ਭਾਗਵੰਤ ਘਰ ਵਹੀ ਕਹਾਵੇ ਯਹ ਮਾਇਆ ਨਹ ਕਾਊਂ ਸੰਗੇ। ਜਾਂਹਿ ਭੁਲਾਇ ਦਏ ਨਰ ਚੰਗੇ ਕੋ ਵਿਰਲੋ ਜਨ ਜਾਨੇ ਭੇਵ। ਹੋਇ ਕ੍ਰਿਪਾਲ ਜਾਹ ਪੈ ਦੇਵ ਪੁਨਾ ਔਰ ਪਰਕਾਰ ਸੁਨੀਜੇ। ਕਿਰਸਾਣੀ ਯਾ ਬਿਧ ਕੀ ਕੀਜੇ ਤਨ ਧਰਤੀ ਕੋ ਨਿਰਮਲ ਕੀਜੇ। ਨਿਸਕਾਂਮ ਕਰਮ ਬੀਤਾਂਮਹਿਦੀ ਜੋ ਅਕਾਲ ਪੁਰਖ ਅਰਾਧਨ ਪਾਣੀ। ਤਾਂ ਮਹਿ ਸਿੰਚੋ ਸਭ ਸੁਖ ਖਾਣੀ ਮਨ ਕਿਰਸਾਣ ਕਰੇ ਯਹ ਖੇਤੀ। ਅਕਾਲ ਗਯਾਨ ਅੰਕਰ ਉਪਜੇਤੀ ਜਾਤੇ ਸੋ ਪਦ ਪ੍ਰਾਪਤ ਹੋਵੇ। ਮਨ ਬਾਣੀ ਜਹਿ ਨਾਂਹਿ ਲਖੋਵੇ ਜੈਸੇ ਕੂਪ ਜੋਤ ਜਲ ਦੇ ਹੈ। ਖੇਤੀ ਅਧਕ ਜਾਂ ਤੇ ਪੈ ਹੈ ਤੈਸੇ ਮੁਕਤਾਰਥੀ ਨਰ ਜੋਈ। ਕਰੇ ਸਮੱਗਰ ਸਾਧਨ ਸੋਈ ਅਕਾਲ ਪੁਰਖ ਜੋ ਅਗਮ ਅਪਾਰਾ। ਅਹੇ ਕੂਪ

ਸਮ ਸਕਲ ਅਧਾਰਾ। ਸਰਬ ਸ਼ਕਤ ਰੂਪੀ ਜਲ ਪੂਰਨ। ਜਾਮੇ ਨਾਂਹਿ ਕਦੇ ਹੋਇ ਊਰਨ ਤਹ ਕਿਰਪਾ ਜਲ ਸਿੰਚਨ ਕਾਰਨ ।ਕਰੋ ਹਲਟ ਸੁਭ ਸਾਧਨ ਧਾਰਨ ਧਾਵਹੁ ਮਾਲ ਅਖੰਡਾ ਬਿਰਤੀ। ਸ੍ਵਾਸ ਰੂਪ ਟਿੰਡੋਂ ਜਹਿ ਫਿਰਤੀ ਤਾਹਿ ਹਲਟ ਕੇ ਫੇਰਨ ਕਾਜਾ। ਬਾਹਰ ਮੁਖ ਮਨ ਕੀਜੇ ਸਾਜਾ ਯਾ ਬਿਧ ਕੋ ਕੂਆ ਜਬ ਕਰਹੈਂ। ਬੁੱਧਿ ਰੂਪ ਕਿਆਰਾ ਤਬ ਭਰਹੈਂ ਦੇਵੀ ਸੰਪਤ ਗੁਣ ਕੀ ਖੇਤੀ। ਹਰੀ ਹੋਇ ਤਨ ਭੀਤਰ ਜੇਤੀ ਤੌ ਕਿਰਸਾਣ ਕਹਾਵੇ ਸਾਚੇ। ਦੂਰ ਕਰੋ ਜਾਤੇ ਮਤ ਕਾਚੇ ਕਾਂਮ ਕਰੋਧ ਕਰ ਦੋਇ ਵਸੋਲੇ। ਇਸ ਖੇਤੀ ਕੀ ਜਰ ਕੋ ਫੋਲੇ ਯਾਕੋ ਗੋਪ ਭਾਵ ਯਹ ਹਈਏ। ਬਿਨ ਅਭਯਾਸ ਨਾਂ ਜਾਕੋ ਪਈਏ ਜੈਸੇ ਬਹਯ ਖੇਤੀ ਮਾਹੀ। ਅਨਕ ਪ੍ਰਕਾਰ ਬੀਜ ਉਪਜਾਈ ਜਾਕਰ ਖੇਤੀ ਨਿਰਬਲ ਹੋਵੈ। ਫਲ ਅਰ ਫੂਲ ਆਪਨੇ ਖੋਵੈ ਪਰ ਕਿਰਸਾਣ ਵਿਸੋਲੇ ਲੇਵੇ। ਤਾ ਕੋ ਗੋਡ ਭਲੇ ਵਿਧ ਦੇਵੇ ਦੂਸਰ ਘਾਸ ਮੂਲ ਤੇ ਕਾਟੇ। ਜੇਤੀ ਪੁਸਟ ਹੋਤ ਜਹ ਸਾਟੇ ਤਿਸੀ ਪ੍ਰਕਾਰ ਕਾਂਮ ਪੁਨਾ ਕ੍ਰੋਧਾ। ਇਨ ਕੋ ਧਰਮ ਸੁਅਹੇ ਵਿਰੋਧਾ ਲੋਕ ਪ੍ਰਲੋਕ ਸੁਖਨ ਕਟ ਡਾਰੇ। ਸੁਭ ਗੁਨ ਕੋ ਸੱਤ੍ਰ ਹੈ ਭਾਰੇ ਪਰ ਯਹ ਮਨਨ ਸੀਲ ਮਨ ਜੋਈ। ਸਾਰ ਅਸਾਰ ਵਿਚਾਰੇ ਸੋਈ ਤਾਂਤੇ ਇਨ ਦੋਨੋਂ ਕੋ ਸਾਧੇ। ਭਲੀ ਪ੍ਰਕਾਰ ਗਯਾਨ ਸੋ ਬਾਧੇ ਯਥਾ ਜੋਗ ਕਾਰਜ ਮੈ ਲਾਵੈ। ਜਾਤੇ ਹਾਨ ਨ ਕੋਇ ਕਰਾਵੈ ਨਿਜ ਨਾਰੀ ਤੇ ਤਿਰੀਆ ਆਨੇ। ਸੋ ਨਿਜ ਮਾਤ ਸੁਸਾ ਪਹਚਾਨੇ ਪੁਨਾ ਅਕਾਰਨ ਕਰੇ ਨ ਕ੍ਰੋਧਾ। ਦੁਰਚਾਰਨ ਸਿਉ ਕਰੇ ਵਿਰੋਧਾ ਤਬ ਯਹ ਕਾਂਮ ਕ੍ਰੋਧ ਦੁਖਦਾਈ ਹਨੀ ਜਹਰ ਸਮ ਹੋ ਸੁਖਦਾਈ। ਜਿਉਂ ਕਾਚੀ ਬਿਖ ਹਰੇ ਪ੍ਰਾਨਾ ਅਉਖਧ ਕਰੀ ਦੇਤ ਸੁਖ ਨਾਨਾ ਜਬ ਯਹ ਪਰ ਖਜ ਗਤ ਕੇ ਮਾਹੀ। ਕਾਂਮ ਕ੍ਰੋਧ ਆਦਿਕ ਬਸ ਨਾਂਹੀ ਪੁਨਾ ਇਨਕੋ ਅਪਨੇ ਬਸ ਕਰ ਹੈ। ਸਕਲ ਸੂਖ ਜਗਕੇ ਤਹਿ ਘਰ ਹੈ ਤਾਂਤੇ ਇਨਸੇ ਗੁਨ ਕੋ ਪੋਖੇ। ਦੁਰਭਾਵਨ ਕੋ ਉਰ ਤੇ ਸੋਖੇ ਐਸੀ ਕਰੇ ਜਤਨ ਨਰ ਜੋਈ। ਸੋ ਅਨਥਾ ਭਵ ਕਥੀਨ ਹੋਈ ਪੁਨਾ ਐਸੀ ਕਿਰਸਾਣੀ ਕਰਨੋ। ਸਕਲ ਜੀਵ ਪ੍ਰਤ ਨਾਹੀਂ ਬਰਨੋ ਕੋ

ਇਕ ਸੂਰ ਬੀਰ ਯਹ ਧਰ ਹੈ। ਅਕਾਲ ਕ੍ਰਿਪਾ ਜਿਸ ਊਪਰ ਕਰ ਹੈ ਜਾਜਨ ਪਰਤਿਸ ਕਿਰਪਾ ਹੋਵੈ। ਸੋ ਬਗਲੇ ਤੇ ਹੰਸ ਬਿਗੋਵੈ ਯਾਕੋ ਤਾਤਪਰਜ ਯਹ ਹਈਏ। ਜਾਕੋ ਸੁਨਤ ਗਯਾਨ ਪਦ ਪਈਏ ਜੈਸ ਬਗ ਦਾਦਰ ਕੋ ਹਾਰਾ । ਕਰਤ ਦੇਖੀਏ ਜਗਤ ਮੁਝਾਰਾ ਪੁਨਾ ਹੰਸ ਮੋਤੀ ਕੋ ਚੁਗ ਹੈ। ਯਹੀ ਤੱਤ ਸੁਨੀਏ ਸਭ ਜੁਗ ਹੈ ਪਰ ਜੇ ਬਗਲੇ ਤੇ ਹ੍ਵੈ ਹੰਸਾ। ਮੋਤੀ ਚੁਗੇ ਛੋਰ ਨਿਜ ਬੰਸਾ ਤਾਂ ਸਮ ਭਾਗਵਾਨ ਨਹ ਔਰਾ। ਯਹ ਜਗਤ ਮਹਿ ਸਭ ਸਿਰ ਮੌਰਾ ਇਸੀ ਪ੍ਰਕਾਰ ਤੁਛ ਯਹ ਜੀਵਾ। ਮਦ ਮਾਇਆ ਮਹਿ ਹੋਕਰ ਖੀਵਾ ਵਿਖਯ ਰੂਪ ਦਾਦਰ ਕੋ ਹਾਰਾ। ਬਗ ਕੋ ਕਰਤ ਸੁ ਮਹਾ ਗਵਾਰਾ ਪੁਨਾ ਅਕਾਲ ਕਰਨਾ ਜੇਕਰ ਹੈ। ਇਸ ਕੇ ਸੀਸ ਹਾਥ ਨਿਜ ਧਰ ਹੈ ਤਬ ਯਹ ਬਗਪਨ ਕੋ ਤਜ ਦੇਵੈ। ਸੁਧੇ ਹੰਸ ਪਦਵੀ ਕੋ ਲੇਵੈ ਮਹਾਂਵਾਕ ਜੋ ਮੁਕਤਾ ਜੈਸੇ। ਗ੍ਰਹਨ ਕਰਤ ਹੈ ਨਿਸਚੇ ਤੈਸੇ ਐਸੇ ਸਕਲ ਸ਼ਕਤ ਪਤਤਾਈ। ਕਿਉਂ ਕਰ ਨਰ ਨਹਿ ਮਨੋਂ ਧਯਾਈ ਤਾਂ ਤੇ ਮੈਂ ਤਿਸ ਦਾਸਨ ਦਾਸਾ। ਦੇਹ ਜੀਵ ਜਿਨ ਦੀਨੇ ਸਾਸਾ ਐਸੀ ਖੇਤੀ ਜਗ ਮਹਿ ਮੇਰੀ । ਅਹੇ ਸਦਾ ਇਕ ਸਮਸਰ ਹੇਰੀ ਜਾ ਕਰ ਮੇਂ ਕਿਰਸਾਣ ਕਹਾਯੋ । ਦੂਸਰ ਕਾਮ ਸੁ ਮਨੋਂ ਭੁਲਾਯੋ ਜੋ ਐਸੀ ਕਰ ਹੈ ਕਿਰਸਾਣੀ। ਸੋ ਲਖੀਏ ਹਮ ਸੇ ਸੁਖ ਖਾਣੀ ਜਬ ਯਹ ਸ਼ਬਦ ਤਾਤ ਸੁਨ ਪਾਏ ਮਨ ਮਹਿ ਸੋਚ ਅਧਕ ਬਿਸਮਾਏ ਕਹਤ ਯਾਹ ਕੋ ਅੰਤ ਨ ਆਵੈ। ਹਮ ਕਹਿ ਔਰ ਔਰ ਯਹ ਗਾਵੈ ਜੋ ਜੋ ਬੈਨ ਕਹੇ ਮੁਖ ਮਾਂਹੀ। ਆਗੇ ਕਹੂੰ ਸੁਨੇ ਹਮ ਨਾਹੀ ਸ੍ਵਾਸ ਸ੍ਵਾਸ ਤਹਿ ਨਾਮ ਧਯਾਯੋ। ਔਰ ਸਗਲ ਮਨ ਤੇ ਵਿਸਰਾਯੋ ਕੌਨ ਉਪਾਇ ਕਰਨ ਅਬ ਚਹੀਏ। ਜਾ ਕਰਕੇ ਯਾ ਕੋ ਸਮਝਈਏ ਖਾਨ ਪਾਨ ਕੀ ਇੱਛ ਨ ਯਾਹੀ ਪਹਿਰਨ ਅਸਵਾਰੀ ਨਹਿ ਚਾਹੀ ਨਹਿ ਮੰਦਰ ਘਰ ਸੁੰਦਰ ਚਾਹੇ। ਖੇਤੀ ਬਨ ਜਨ ਜਾਵਤ ਰਾਹੇ ਕੌਨ ਯੁਗਤ ਸੋ ਯਹ ਵਸ ਆਵੈ। ਜਾਤੇ ਘਰ ਭੀਤਰ ਠਹਿਰਾਵੈ ਯਹ ਬਿਚਾਰ ਤਬ ਮਨ ਮਹਿ ਕੀਨ। ਖੇਤੀ ਇਸ ਤੇ ਹੋਤ ਕਬੀ ਨਾ ਯਾ ਤੇ ਸੁਖੀ ਰਹਿਨ ਇਹ ਚਾਹੇ।

ਮਿਥਯਾ ਯਤਨ ਕਰੋ ਅਬ ਕਾਹੇ ਅਸ ਵਿਚਾਰ ਕਰ ਬੋਲੇ ਬਾਤਾ। ਸੁਨ ਸੁਤ ਮੈਂ ਤੁਮਰੋ ਹੂੰ ਤਾਤਾ ਤਾਂਤੇ ਕਰੋ ਕਾਮ ਅਬ ਵੋਹੀ। ਮਨ ਭਾਵਤ ਭਾਖੂੰ ਮੈਂ ਤੋਹੀ ਏਕ ਦੁਕਾਨ ਨਿਕਾਲਹੁ ਚੰਗੀ। ਭਰੋ ਰਾਸ ਤਾਹਿ ਮਹਿ ਮੰਗੀ ਹੱਟੀ ਬੈਠ ਅਨੰਦ ਭੁਗਾਵੋ। ਇਤ ਉਤ ਕਹੂੰ ਨ ਢੂੰਡਨ ਜਾਵੋ ਪਿਤਾ ਬਚਨ ਜਬ ਐਸ ਉਚਾਹਾ। ਹੱਟੀ ਕਰਨ ਨਮਿਤ ਪੁਕਾਰਾ ਹੋਇ ਪ੍ਰਸੰਨ ਗੁਰੂ ਤਬ ਬੋਲੇ। ਸਕਲ ਭਰਮ ਪਿਤ ਕੇ ਤਬ ਖੋਲੇ ਨਹ ਹੱਟੀ ਯਹ ਹੈ ਸੁਭ ਮੋਹੀ। ਜੋ ਕੁਛ ਤਾਤ ਬਤਾਈ ਤੋਹੀ ਸੁਨੋ ਦੁਕਾਨ ਰਾਸ ਜੋ ਮੋਰੀ। ਮਿਟੇ ਸੁਨਤ ਚਿੰਤਾ ਸਭ ਤੋਰੀ ਸਭ ਜਨ ਕੋ ਕਰਨੀ ਯਹਿ ਚਹੀਏ। ਜਾਤੇ ਜਨਮ ਮਰਨ ਦੁਖ ਦਹੀਏ॥

ਹਾਣ ਹਟੁ ਕਰ ਆਰਜਾ ਸਚੁ ਨਾਮ ਕਰ ਵਥ॥
ਸੁਰਤ ਸਬਦ ਕਰ ਭਾਂਡ ਸਾਲ ਤਿਸ ਵਿਚ ਤਿਸ ਨੂ ਰਖ॥
ਸੰਤਾ ਸੇਤੀ ਵਣਜ ਕਰ ਲੈ ਲਾਹਾ ਮਨ ਹਸ॥ ਪੁਨਾ
ਜਿਹਵਾ ਡੰਡੀ ਇਹ ਘਟ ਛਾਬਾ ਤੋਲੇ ਨਾਮ ਅਜਾਚੀ॥
ਏਕੋ ਹਾਟੁ ਸਾਹੁ ਸਭਨਾ ਸਿਰ ਵਣਜਾਰੇ ਇਕ ਭਾਤੀ॥

ਚੌਪਈ

ਯਾਹ ਜਗਤ ਕੀ ਹੱਟੀ ਜੋਈ। ਨਾ ਨਾ ਖੇਦ ਕਹੇ ਜਨ ਸੋਈ ਲਾਹਾ ਘਾਟਾ ਬਹੁ ਪਰਕਾਰਾ। ਜਾ ਮਹਿ ਰਹਿਤ ਸਦਾ ਦੁਖ ਭਾਰਾ ਇਨ ਹਾਟਨ ਕੇ ਕਰਨੇਹਾਰੇ। ਤੋਲ ਬੋਲ ਮਹਿ ਨਹਿ ਸਚਿਆਰੇ ਲੇਵਤ ਅਧਕ ਦੇਤ ਘਟ ਸੋਊ। ਪ੍ਰਿਯਾ ਅਪ੍ਰਿਯਾ ਨ ਜਾਨਤ ਕੋਊ ਕਬੀ ਕਬੀ ਲਾਹਾ ਤਹ ਹੋਵੈ। ਘਾਟਾ ਪਾਇ ਕਬੀ ਬਹਿ ਰੋਵੈ ਤਾਂਤੇ ਯਹ ਹੱਟੀ ਦੁਖਦਾਈ। ਮੈਂ ਅਪਨੇ ਹਿਤ ਨਹਿ ਠਹਿਰਾਈ ਪੁਨਾ ਹੱਟੀ ਮੇਰੀ ਸੁਨ ਲੀਜੇ। ਜਾਕੇ ਸੁਨਤ ਸੋਗ ਸਭ ਛੀਜੇ ਕਰੋ ਹੱਟ ਆਯੂ ਨਿਜ ਕੇਰੀ। ਛਿਨ ਛਿਨ ਘਟਤ ਜੁ ਸਾਂਝ ਸਵੇਰੀ ਸੱਤ ਅਕਾਲ ਅਰਾਧਨ ਜੋਈ। ਸੁਨਨੇ ਸ਼ਬਦ ਭਾਂਡ ਹੈ

ਸੋਈ ਜਿਨ ਕੋ ਨਿਜ ਮਨ ਮਹਿ ਭਰ ਲੀਜੈ। ਆਧ ਬਿਆਧ ਰੋਗ ਸਭ ਛੀਜੈ ਸੰਤ ਜਨਾਂ ਸਿਉ ਸੌਦਾ ਕੀਜੇ। ਲੈ ਲਾਹਾ ਜਗ ਮਹਿ ਸੁਖ ਲੀਜੇ ਪੁਨਾ ਤਰਾਜ਼ੂ ਕਰੀਏ ਐਸਾ। ਮਹਾਂ ਪੁਰਖ ਭਾਖਤ ਹੈਂ ਜੈਸਾ ਮਨ ਬੁਧੀ ਛਾਬੇ ਦੋ ਕਰੀਏ। ਮਨਨ ਨਿਧਯਾਸਨ ਜਾ ਮਹਿ ਧਰੀਏ ਫਿਰ ਜਿਹਵਾ ਡੰਡੀ ਸਹ ਸਹ ਤੋਲੋ। ਜਾਂ ਤੇ ਸਬਦ ਅਜੋਗ ਨ ਬੋਲੋ ਬਿੱਤ ਅਮਿੱਤ ਪ੍ਰਭੁ ਯਸ ਜੋਈ। ਨਿਰਭੈ ਹੋ ਤੋਲੋ ਤੁਮ ਸੋਈ ਸਾਹੂਕਾਰ ਸਰਬ ਕਾ ਏਕੋ। ਦੇਵਨਹਾਰ ਅਪਾਰ ਵਿਵੇਕੋ ਤਿਸ ਹੀ ਕੋ ਹੋਵੋ ਬਨਜਾਰੇ। ਸਰਬ ਪ੍ਰਕਾਰ ਜੁ ਦੇਤ ਸਹਾਰੇ ਐਸੀ ਹਾਟ ਕਰਨ ਹਮ ਚਾਹੀ। ਦੂਸਰ ਕੀ ਇੱਛਾ ਮਨ ਲਾਹੀ ਜੋ ਹਮਰੇ ਸਹ ਸੌਦਾ ਕਰਹੈਂ। ਭਵ ਸਾਗਰ ਸੇ ਪਾਰ ਉਤਰਹੈਂ ਐਸੀ ਹਾਟ ਗੁਰੂ ਜਬ ਭਾਖੀ ਪਿਤਾ ਬਹੁਰ ਮਨ ਮਹਿ ਇਮ ਰਾਖੀ ਨਹਿ ਚਾਹਤ ਯਹ ਹੱਟੀ ਕਰਨਾ। ਪੁਨਾ ਰਹਿਨ ਚਾਹੇ ਨਿਜ ਘਰ ਨਾ ਤਾਂ ਤੇ ਨੌਕਰ ਇਸ ਕਰ ਦਈਏ। ਜਾਂ ਤੇ ਮਨ ਅਪਨੇ ਸੁਖ ਪਈਏ ਕਰੇ ਚਾਕਰੀ ਕਾਹੂੰ ਕੇਰੀ। ਸਕਲ ਕਾਮ ਕਰਹੈ ਬਿਨ ਦੇਰੀ ਮਾਲਕ ਜਿਤ ਵਲ ਭੇਜੇ ਜੈਹੈ। ਆਪ ਖਾਇ ਖਟ ਔਰ ਖੁਵੈਹੈ ਯਹ ਮਨ ਮਾਂਹਿ ਵਿਚਾਰ ਠਰਾਈ। ਪਰਗਟ ਗੁਰੂ ਪ੍ਰਤਿ ਐਸ ਅਲਾਈ ਕਰੋ ਚਾਕਰੀ ਕਾਹੂੰ ਕੇਰੀ। ਜਾਤੇ ਮਨ ਬਿਰਤਾ ਹੋਇ ਤੇਰੀ ਯਹ ਸੁਨਤੇ ਪ੍ਰਭ ਜੂ ਬਚ ਭਾਖਾ। ਹਾਕਮ ਏਕ ਸੀਸ ਹਮ ਰਾਖਾ ਤਾ ਮਹਿ ਚਿੱਤ ਲਗਾਵਨ ਜੋਈ। ਅਹੇ ਚਾਕਰੀ ਮੁਝ ਕੀ ਸੋਈ ਤਾਕੇ ਮਨਨ ਵਿਖੇ ਮਨ ਧਰਨਾ ਯਹੀ ਕਾਮ ਮਨ ਦੇਕਰ ਕਰਨਾ ਬੁਰੀ ਭਾਵਨਾ ਬਾਧ ਚਲਾਏ। ਧੰਨ ਜਨਮ ਮਾਨੌਂ ਜਗ ਆਏ ਤਾਂ ਤੇ ਨਾਮ ਅਰਾਧਨ ਕਰੀਏ। ਜਾ ਕੇ ਬਲ ਸਭ ਪਾਪਨ ਹਰੀਏ ਯਹੀ ਹਾਟ ਜੋ ਜਨ ਕਰ ਲੈਹੈ। ਜਨਮ ਮਰਨ ਬੰਧਨ ਕਟ ਦੇ ਹੈ ਜਾਤੇ ਯਹ ਹੱਟੀ ਮਮ ਕੀਨੀ। ਔਰ ਕਾਮਨਾ ਸਭ ਤਜ ਦੀਨੀ ਐਸੋ ਸੁਨ ਉਪਦੇਸ਼ ਪਯਾਰਾ। ਪਿਤਾ ਗਹਯੋ ਤਬ ਗਯਾਨ ਬਚਾਰਾ ਬਾਲ ਬੈਸ ਕੀ ਜੋਇ ਕਹਾਨੀ। ਪਾਂਪੇ ਭਾਖੀ ਥੀ ਪਰਧਾਨੀ ਯਹ ਕੋ ਮਹਾਂ ਪੁਰਖ ਅਵਤਾਰੀ। ਤੁਹਿ ਘਰ ਆਯੋ ਸਭ ਸੁਖਕਾਰੀ

ਬਹੁਤਨ ਕੀ ਮੁਕਤੀ ਯਹ ਕਰ ਹੈ। ਅਨਕ ਲੋਕ ਯਾ ਪੀਛੇ ਤਰ ਹੈ ਨਾਮ ਇਸੇ ਨਾਨਕ ਨਿਰੰਕਾਰੀ। ਸਭ ਤੇ ਰਾਖੇ ਰੀਤ ਨਯਾਰੀ ਯਹ ਜੋ ਜਨਮ ਸਮੇਂ ਬੀ ਭਾਖੀ। ਪੂਰਨ ਭਈ ਆਜ ਵਹੁ ਸਾਖੀ ਅਸ ਮਨ ਮਹਿਤਾ ਨੇ ਲਖ ਲੀਨਾ। ਸਕਲ ਸੋਕ ਮਨ ਕਾ ਤਜ ਦੀਨਾ ਭਯੋ ਲੀਨ ਆਤਮ ਮਨ ਜਾਕਾ। ਸੁਨ ਉਪਦੇਸ਼ ਮਿਟਾ ਭ੍ਰਮ ਤਾਕਾ ਕਹਾ ਧੰਨ ਸੁਤ ਧੰਨ ਤੁਹੀ ਹੈ। ਜਹ ਪ੍ਰਸਾਦ ਮੈ ਮੁਕਤ ਲਹੀ ਹੈ ਹਮਰੀ ਕੁਲ ਤਬ ਕਿਉਂ ਨ ਉਧਰ ਹੈ। ਸਕਲ ਜਗਤ ਤੈਸੋ ਜਬ ਤਰ ਹੈ ਜਬ ਅਸ ਭਾਖ ਤਾਤ ਭਇ ਮੋਨੀ। ਸਮਝ ਲਈ ਜੋ ਗਾਥਾ ਹੋਨੀ ਤਬ ਲਾਲੂ ਚਾਚਾ ਗੁਰ ਕੇਰਾ। ਬੋਲਯੋ ਬਚਨ ਸੁ ਹੋਇ ਅਗੇਰਾ ਮੈਂ ਨਾਨਕ ਭਾਖਨ ਇਕ ਬਾਚਾ। ਜਾਤੇ ਮੈਂ ਹੂੰ ਤੁਮਰੋ ਚਾਚਾ ਸਕਲ ਮਰਮ ਤੁਮਰਾ ਮੈਂ ਪਾਯੋ ਘਰ ਮਹਿ ਰਹਿਨ ਤੁਹਿ ਨ ਭਾਯੋ ਚਹਤ ਦੇਸ ਭ੍ਰਮਨ ਮਨ ਤੇਰਾ। ਵਾਛਤ ਨਹਿ ਗ੍ਰਹ ਕਰਨ ਬਸੇਰਾ ਤਾਂ ਤੇ ਮੈਂ ਯਹ ਬਿਉਤ ਬਨਾਈ। ਜੋ ਸਭ ਹੂੰ ਕੋ ਹੈ ਸੁਖਦਾਈ ਘੋੜੇ ਲੇ ਤੁਝ ਕੋ ਅਬ ਦੀਜੈ। ਸੰਗ ਬਹੁਤ ਜਨ ਅਪਨੇ ਲੀਜੈ ਹੋਇ ਸੁਦਾਗਰ ਬੇਚੋ ਜਾਏ। ਕਰਹੁ ਸੈਲ ਜੋ ਮਨ ਮਹਿ ਭਾਏ ਦੇਸ ਦੇਸ ਮਹਿ ਭ੍ਰਮਨ ਕਰੀਏ। ਮਨ ਦਲਗੀਰੀ ਜਾਤੇ ਹਰੀਏ ਲਾਲੂ ਕੇ ਸੁਨ ਕਰ ਬਚ ਐਸੇ।ਕਥਨ ਕਰੇ ਪ੍ਰਭ ਨੇ ਬਚ ਤੈਸੇ ਨਹੀਂ ਬਨਜ ਸਾਚੋ ਯਹ ਹਈਏ। ਤਾਂ ਤੇ ਨਹਿ ਮੋਰੇ ਪ੍ਰਤਿ ਕਹੀਏ ਮੈਂ ਅਪਨੇ ਮਨ ਕੀਜੋ ਗਾਥਾ। ਭਾਖਤ ਹੂੰ ਸੁਨੀਏ ਮਨ ਸਾਥਾ॥

ਸੁਣ ਸਾਸਤ ਸੌਦਾਗੀ੍ ਸਤ ਘੋੜੇ ਲੈ ਚਲ॥
ਖਰਚ ਬੰਨ ਚੰਗਿਆਈਆਂ ਮਤ ਮਨ ਜਾਣਹਿ ਕਲ ॥
ਨਰੰਕਾਰ ਕੇ ਦੇਸ ਜਾਇ ਤਾਂ ਸੁਖ ਲਹੇ ਮਹਲ॥

ਚੌਪਈ

ਸੁਨੀਏ ਸਾਚ ਕਥਾ ਮਨ ਲਾਈ। ਜੋਇ ਸੁਦਾ ਗਰਤਾ ਮਨ ਭਾਈ ਸੱਤ

ਸਾਸਤ੍ ਸ੍ਵਨ ਹੈ ਜੋਈ। ਬਨੋ ਸੁਦਾਗਰ ਤਾਕੋ ਸੋਈ ਸਤ ਕੇ ਘੋੜੇ ਲੈ ਕਰ ਧਾਵੋਂ। ਅਕਾਲ ਪੁਰਖ ਕੀ ਓਰ ਸਿਧਾਵੋਂ ਸੁਭ ਕਰਮਨ ਕੋ ਖਰਚ ਸੁ ਲੀਜੇ। ਜਾਕੇ ਬਲ ਤਨ ਮਨਨ ਹਿਛੀਜੇ ਪਰ ਯਹ ਸਮਾ ਯਹੀ ਸੁਭ ਜਾਨੋ। ਬਹੁਰ ਮਿਲੇ ਯਾ ਮਿਲੇ ਨ ਮਾਨੋ ਸੋ ਐਸੋ ਸੌਦਾਗਰ ਬਨ ਹੈ। ਪਰਮਾਰਥ ਕੋ ਜਹਿ ਘਰ ਧਨ ਹੈ ਸੋ ਜਗਦੀਸੁਰ ਕੋ ਨਰ ਪਾਵੇ। ਇਕ ਮਨ ਜੋਇ ਨਿਰੰਜਨ ਧਯਾਵੇ ਲਾਲੂ ਸੁਨਤ ਅਚੰਭਾ ਕੀਨਾ। ਕਰ ਉਤਰ ਕੈਸੋ ਇਨ ਦੀਨਾ ਬਹੁਰ ਲਗੇ ਕਰ ਬਹੁਤ ਸਨੇਹਾ। ਭਰਮਾਵਨ ਗੁਰ ਕੋ ਮਨ ਏਹਾ ਦੇਖੋ ਤਾਤ ਮਾਤ ਤੁਮ ਕੇਰੇ। ਚਾਚਾ ਭਾਈ ਪੂਤਸ ਤੇਰੇ ਦਾਸੀ ਦਾਸ ਨਾਰ ਘਰ ਤੇਰੇ। ਔਰ ਸਖਾ ਗਨ ਅਹੇ ਬਥੇਰੇ ਤਜ ਕੁਟੰਬ ਅਬ ਕਤ ਕੋ ਜੈਹੋਂ। ਇਨ ਸਭ ਕੋ ਤੂੰ ਮਨੋ ਭੁਲੈਹੋਂ ਤਾਂ ਤੇ ਕਰੋ ਗ੍ਰਸਤ ਨਹੀਂ ਤਯਾਗੋ। ਹੇ ਸੁਤ ਕਹੇ ਹਮਾਰੇ ਲਾਗੋ ਹਸ ਬੋਲੇ ਸੁਨ ਲਾਲੂ ਐਸੇ। ਸੱਤ ਬਚਨ ਭਾਖੇ ਤੈਂ ਜੈਸੇ ਸੋ ਸਭ ਹੀ ਮੈਨੇ ਸਿਰ ਧਾਰੇ। ਮਹਾਂ ਪੁਨੀਤ ਬਚਨ ਜੋ ਥਾਰੇ ਨਿਜ ਪਰਵਾਰ ਸੰਗ ਮੈਂ ਲੇਹੋਂ। ਇਕ ਨਿਮਖ ਨਹਿ ਤਾਂ ਹਿਤ ਜੈਹੋਂ ਸੋ ਸਭ ਤੋ ਕੌਂ ਕਹਤ ਸੁਨਾਈ। ਜੋ ਕੁਟੰਬ ਮੇਰੇ ਸੁਖਦਾਈ ਹਰਖ ਸੋਗ ਤੇ ਸਦਾ ਨਿਆਰਾ। ਰਚਾ ਕੁਟੰਬ ਸਦਾ ਸੁਖ ਕਾਰਾ।।

ਖਿਮਾ ਹਮਾਰੀ ਮਾਤਾ ਕਹੀਏ ਸੰਤੋਖੁ ਹਮਾਰਾ ਪਿਤਾ।। ਸਤ ਹਮਾਰਾ ਚਾਚਾ ਕਹੀਏ ਜਿਨ ਸੰਗ ਮਨੂਆ ਜਿਤਾ।। ਸੁਣ ਲਾਲੂ ਗੁਣੁ ਐਸਾ।। ਸਗਲੇ ਲੋਗ ਬੰਧਨ ਕੇ ਬਾਧੇ ਸੋ ਗੁਣੁ ਕਹੀਏ ਕੈਸਾ।। ।।੧।। ਰਹਾਉ।। ਭਾਉ ਭਾਈ ਸੰਗ ਹਮਾਰੇ ਪ੍ਰੇਮ ਪੂਤ ਸੋ ਸਾਚਾ ।। ਧੀ ਹਮਾਰੀ ਧੀਰਜ ਬਨੀ ਐਸੇ ਸੰਗ ਹਮ ਰਾਚਾ।। ੨ ।।ਸਾਂਤ ਹਮਾਰੇ ਸੰਗ ਸਹੇਲੀ ਮਤ ਹਮਾਰੀ ਚੇਲੀ।। ਇਹੋ ਕੁਟੰਬ ਹਮਾਰਾ ਕਹੀਏ ਸਾਸ ਸਾਸ ਸੰਗ ਖੇਲੀ।। ਏਕੰਕਾਰ ਹਮਾਰਾ ਖਾਂਵਦ ਜਿਨ ਹਮ ਬਨਤ ਬਨਾਏ। ਉਸ ਕੋ ਤਆਗ ਔਰ ਵਰੁ ਕੋ ਲਾਗੇ ਨਾਨਕ ਸੋ ਦੁਖ ਪਾਏ।।

ਚੌਪਈ

ਯਾਹ ਸ਼ਬਦ ਮਹਿ ਸਭ ਪਰਵਾਰਾ। ਲਾਲੂ ਪ੍ਰਤਿ ਗੁਰ ਕੀਨ ਉਚਾਰਾ ਖਿਮਾ ਮਾਤ ਮੇਰੀ ਸੁਖਦਾਈ। ਸਮ ਰੱਛਕੁ ਅਵਰ ਨ ਕਾਈ ਜੈਸੇ ਮਾਤ ਗੋਦ ਮਹਿ ਬਾਲਕ। ਰਹਿਤ ਸੁਖੀ ਨਹਿ ਦੁਖ ਸੇ ਤਾਲਕ ਇਸੀ ਪ੍ਰਕਾਰ ਖਿਮਾ ਜਹਿ ਪਾਸਾ। ਸਭ ਸੱਤ੍ਰੂ ਤਹਿ ਹੋਵਤ ਨਾਸਾ ਖਿਮਾ ਸੰਜੋਇ ਜਾਂਹਿ ਨਰ ਧਾਰੀ। ਕ੍ਰੋਧ ਸਸਤ੍ਰ ਨਹ ਕਰਤ ਬਗਾਰੀ ਪੁਨਾ ਸੰਤੋਖ ਪਿਤਾ ਮਮ ਹਈਏ। ਜਾਕੀ ਗੋਦ ਮਾਂਹਿ ਸੁਖ ਪਈਏ ਪਿਤਾ ਗੋਦ ਮਹਿ ਬਾਲਕ ਬੈਸੇ। ਲਹਤ ਅਨੰਦ ਸੋਕ ਨਹਿ ਪੈਸੇ ਤਿਉ ਸੰਤੋਖ ਜਾਂਹਿ ਮਹਿ ਹੋਵੇ। ਸਕਲ ਜਗਤ ਸੁਖ ਤਹਿ ਪਗ ਧੋਵੇ ਸਤ ਮੇਰ ਚਾਚਾ ਹਿਤਕਾਰੀ। ਕਰਤ ਸਦਾ ਜੋ ਪਰਉਪਕਾਰੀ ਜੈਸੇ ਚਾਚਾ ਦੇਤ ਸਹਾਰਾ। ਕਾਰਜ ਕਰਨ ਸਮੇਂ ਅਤ ਭਾਰਾ ਤੈਸੇ ਸਕਲ ਕਾਜ ਕੇ ਮਾਂਹੀ। ਬਿਨਾਂ ਸੱਤ ਦੂਸਰ ਸੁਖ ਨਾਂਹੀ ਜਾਕੇ ਬਲ ਕਰ ਮਨ ਬਸ ਕੀਨਾ। ਨਿਰਾਬਾਨ ਪਦ ਘਰ ਮਹਿ ਚੀਨਾ ਇਸ ਕੁਟੰਬ ਕੇ ਯਹ ਗੁਨ ਭਾਰੇ। ਜਗ ਬੰਧਨ ਗੁਨ ਕੌਣ ਵਿਚਾਰੇ ਸੁਹਿਰਦ ਭਾਉ ਭਾਈ ਮਮ ਪਿਆਰਾ। ਜਾਕੇ ਸੰਗ ਮੀਤ ਜਗ ਸਾਰਾ ਹਰ ਸੋ ਪ੍ਰੇਮ ਪੂਤ ਘਰ ਸੋਈ। ਜਾ ਸਮ ਸਾਚੋ ਪੂਤ ਨ ਕੋਈ ਦੁਖ ਸੁਖ ਮਹਿ ਧੀਰਜ ਧੀ ਜੋਰੀ। ਜਾਕੇ ਸੰਗ ਰਤੀ ਬ੍ਰਿਤ ਮੋਰੀ ਸਖੀ ਹਮਾਰੀ ਸਾਂਤ ਕਹਾਵੇ। ਜਾਕੇ ਸੰਗ ਬਿਲਾਸ ਸੁਹਾਵੇ ਸੁੱਧ ਬੁੱਧ ਹਮਰੀ ਹੈ ਦਾਸੀ। ਜਾਕੇ ਬਲ ਕਾਟੀ ਭਵ ਫਾਸੀ ਯਹੀ ਕੁਟੰਬ ਹਮਾਰਾ ਕਹੀਏ। ਸਾਸ ਸਾਸ ਜਾ ਕੇ ਸੰਗ ਰਹੀਏ ਏਕ ਅਕਾਲ ਪਤੀ ਹਮ ਕੇਰਾ। ਜਾ ਸਮ ਦੂਸਰ ਔਰ ਨ ਹੇਰਾ ਜਿਨ ਸਭ ਸ੍ਰਿਸਟ ਬਨਾਇ ਸਵਾਰੀ। ਬਿਚਿਤ੍ਰ ਸਕਤ ਅਨਕ ਪਰਕਾਰੀ ਜੋ ਤਾ ਕੋ ਤਜ ਔਰਹਿ ਲਾਗੇ। ਸੋ ਨਾ ਨਾ ਦੁਖ ਲਹੇ ਅਭਾਗੇ ਇਸ ਕੁਟੰਬ ਕੋ ਧਾਰਨ ਕੀਨਾ। ਅਕਾਲ ਪੁਰਖ ਸੇ ਕਹ ਕਰ ਲੀਨਾਂ ਜਾਕੇ ਗ੍ਰਿਹਿ ਯਹ ਸੰਪਤ ਹੋਈ। ਅਹੇ ਗ੍ਰਸਤੀ ਸਾਚ ਸੋਈ ਯਾ ਬਿਨ ਔਰ ਕੁਟੰਬ ਅਪਾਰਾ। ਸੰਗ ਨ ਚਾਲੇ ਝੂਠ ਪਸਾਰਾ ਤਾਂਤੇ ਬਨਉ ਕੁਟੰਬੀ

ਐਸੇ। ਮੈਨੇ ਕਹੇ ਤੋਹਿ ਪ੍ਰਤਿ ਜੈਸੇ ਸੁਨ ਲਾਲੂ ਗਦ ਗਦ ਮਨ ਹੋਯੋ। ਜਗੋ ਅਗਯਾਨ ਨੀਂਦ ਤੇ ਸੋਯੋ ਲਗੋ ਕਹਿਨ ਨਾਨਕ ਅਵਤਾਰੀ। ਧੰਨ ਅਹੇ ਤੁਮਰੀ ਮੈਂ ਤਾਰੀ ਜੋ ਤੁਮ ਕਹਾ ਸੱਤ ਹੈ ਸਾਰਾ। ਪਰ ਸੰਸਾਰਕ ਦੁਖ ਹੈ ਭਾਰਾ ਜਾਂ ਤੇ ਘਰ ਰਹਨਾ ਭਲ ਤੋਰਾ। ਕਰੇ ਨ ਜਾਤੇ ਲੋਕ ਨਿਹੋਰਾ ਜੇ ਘਰ ਤਜ ਬਾਹਰ ਤੁਮ ਜੈਹੋ। ਨਿਜ ਸੁਖ ਸੇ ਦਿਨ ਰੈਨ ਬਿਤੈ ਹੋ ਪਰ ਯਹ ਲੋਕ ਸ਼ਰੀਕ ਹਮਾਰੇ। ਅਨਕ ਪ੍ਰਕਾਰ ਦੇਹਗੇ ਗਾਰੇ ਏਕ ਪੂਤ ਇਨਕੇ ਘਰ ਆਹਾ। ਹੋਇ ਫਕੀਰ ਭਯੋ ਬਦਰਾਹਾ ਨਹੀਂ ਰਾਖ ਤਿਸ ਕੋ ਘਰ ਲੀਨਾ। ਯਥਾ ਜੋਗ ਸੁਖ ਨਹਿ ਤਹਿ ਦੀਨਾ ਐਸੇ ਬਾਇਕ ਸਾਇਕ ਜੈਸੇ। ਕਹੇਂ ਅਬਾਚ ਸੁਨੇਂ ਹਮ ਕੈਸੇ ਤਬ ਸਤਗੁਰ ਤਾ ਸੋ ਯਹ ਭਾਖੀ। ਸੰਸਾਰ ਕਥਨ ਸੰਕਾ ਕਤ ਰਾਖੀ ਇਨ ਲੋਗਨ ਕੋ ਯਹੀ ਸਭਾਵਾ। ਕਹਤ ਵਹੀ ਜੋ ਮੁਖ ਮਹਿ ਆਵਾ ਤਾਂ ਤੇ ਨਹਿ ਰੰਚਕ ਮਨ ਡਰੀਏ। ਨਿਰਭੈ ਹੋਇ ਭਗਤ ਹਰਿ ਕਰੀਏ ਇਨ ਲੋਗਨ ਕੀ ਦਿਸ਼ਾ ਪੁਕਾਰੋ। ਜਾਤੇ ਸੰਕ ਨ ਮਨ ਮੈ ਧਾਰੋ॥

ਚੁਪ ਕਰਾਂ ਤਾਂ ਆਖੀਐ ਇਤ ਘਟ ਨਾਹੀ ਮਤੁ। ਜਾਂ ਬੋਲਾਂ ਤਾਂ ਆਖੀਐ ਬੜ ਬੜ ਕਰ ਬਹੁਤ। ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤ। ਉਠ ਚਲਾਂ ਤਾਂ ਆਖੀਐ ਛਾਰ ਗਿਆ ਸਿਰ ਘਤ। ਜੇਕਰ ਨਿਵਾਂ ਤਾ ਆਖੀਐ ਡਰਦਾ ਕਰੇ ਭਗਤ॥ ਕਾਈ ਗਲੀ ਨ ਮੇਵਣੀ ਜਿਤ ਬਹਿ ਕਢਾਂ ਝਤ॥ ਏਥੇ ਓਥੇ ਨਾਨਕਾ ਕਰਤਾ ਰਖੇ ਪਤੁ॥

ਚੌਪਈ

ਜਗਤ ਜੀਵ ਕੋ ਯਹੀ ਸੁਭਾਵਾ। ਕਿਸੇ ਪ੍ਰਕਾਰ ਨਰੀਤ ਸੁਖਾਵਾ ਜੇਕਰ ਬੋਲਨ ਉਤਰ ਦਈਏ। ਬੋਲ ਕਬੋਲ ਸੁਨਤ ਚੁਪ ਰਹੀਏ ਤਬ ਭਾਖਤ ਹੈਂ ਇਸ ਬੁਧ ਨਾਹੀਂ। ਜਾਂਤੇ ਮੋਨ ਗਹੀ ਮੁਖ ਮਾਹੀ ਲਾਖ ਕਹੋ ਯਹ ਏਕ ਨ ਬੋਲੈ। ਪਸ ਸਮਾਨ ਰਹਤ ਜਿਉਂ ਭੋਲੈ ਜੇਕਰ ਇਸ ਡਰ ਤੇ ਮਨ ਸੁਨ ਕੇ। ਉਤਰ ਦੇਹ ਰਿਦੇ ਮਹਿ ਗੁਨਕੇ

ਤਬ ਭਾਖਤ ਬੜ ਬੜ ਯਹ ਕਰਤਾ। ਲੰਘ ਅਰਬ੍ਰਿਧ ਪੇਖ ਨਹੀਂ ਡਰਤਾ ਜਬ ਇਕ ਠੌਰ ਬਹੇ ਕਰ ਤੋਖਾ। ਕਹਤ ਤਾਂਹਿ ਪ੍ਰਤਿ ਧਰ ਉਰ ਰੋਖਾ ਸਥਰ ਪਾਇ ਦੁਆਰੇ ਮਾਂਹੀ। ਬੈਠੋ ਹਾਨ ਲਾਭ ਇਸ ਨਾਂਹੀ ਹਮਰੇ ਘਰ ਬੈਠੋ ਲਾ ਠਾਣਾ। ਨਹੀਂ ਮਿਲੇ ਇਸ ਔਰ ਟਿਕਾਣਾ ਜੇ ਯਹ ਸੁਨ ਕਰ ਚਲਿਓ ਜਾਵੈ। ਤੌ ਭੀ ਇਨ ਤੇ ਪਤ ਨਹੀਂ ਪਾਵੈ ਕਹਿਤ ਛੋਡ ਘਰ ਗਿਆ ਨਿਕਾਰਾ। ਡਾਰ ਸੀਸ ਅਪਨੇ ਮਹਿ ਛਾਰਾ ਪਤ ਪਰਤੀਤ ਸਕਲ ਇਨ ਖੋਈ ਇਤ ਉਤ ਭਰਮਤ ਮਿਲੇ ਨ ਢੋਈ ਜੋ ਚਰਨਨ ਪਰ ਬੰਦਨ ਕਰੀਏ। ਜਾਨ ਬ੍ਰਿਧ ਰਿਦੇ ਮੈ ਡਰੀਏ ਤਬ ਭਾਖਤ ਭੈ ਕਰ ਹਮ ਭਗਤੀ। ਕਰਨ ਲਗੋ ਹਮਰੀ ਲਖ ਸਕਤੀ ਇਸੀ ਪ੍ਰਕਾਰ ਕੋਇ ਨਹਿ ਚਾਲਾ। ਜਾਤੇ ਕਾਟੇ ਸਮਯ ਸੁਖਾਲਾ ਕਿਸੇ ਪ੍ਰਕਾਰ ਬਚਤ ਨਰ ਨਾਹੀਂ। ਕਰ ਦੇਖੋ ਜੋ ਕੁਛ ਤੁਮ ਚਾਹੀਂ ਤਾਂ ਤੇ ਜਗ ਜੰਤਨ ਤੇ ਲਾਜਾ। ਅਕਾਲ ਪੁਰਖ ਰਾਖੇ ਸਭ ਰਾਜਾ ਕਹਾਂ ਪੁਰਖ ਇਨ ਤੇ ਬਚ ਰਹ ਹੈ। ਜਾ ਮੈ ਦੋਖ ਨ ਕੋਇ ਬਤੈ ਹੈ ਬ੍ਰਹਮਾਦਿਕ ਕੀ ਨਿੰਦ ਕਰਾਹੀ। ਬਹੁਤ ਅਬਾਚ ਸੁ ਬੈਨ ਅਲਾਹੀ ਤਾਂ ਤੇ ਇਨ ਕੀ ਸੰਕ ਨ ਕੀਜੇ। ਨਿਰਭੈ ਪਦ ਈਸੁਰ ਕੋ ਲੀਜੇ। ਯਹ ਸੁਨ ਕਰ ਲਾਲੂ ਹਰਖਾਯੋ। ਧੰਨ ਧੰਨ ਮੁਖ ਤੇ ਤਿਨ ਗਾਯੋ। ਨਿਸਚੇ ਜਾਨ ਲਯੋ ਮਨ ਮਾਂਹੀ। ਯਹ ਜਗ ਜੰਤਨ ਕੇ ਸਮ ਨਾਂਹੀ। ਰਾਗ ਦ੍ਵੈਖ ਤੇ ਸਦਾ ਨਿਆਰਾ। ਈਸੁਰ ਭੇਜਾ ਜਗ ਅਵਤਾਰਾ।।

ਰਾਏ ਬੁਲਾਰ ਪ੍ਰਬੋਧ

ਚੌਪਈ

ਰਾਇ ਬੁਲਾਰ ਤਲਵੰਡੀ ਕੇਰਾ। ਹਾਕਮ ਥੋ ਜਹਿ ਤੇਜ ਘਨੇਰਾ ਗੁਰ ਸੋਂ ਬਾਲਪਨੇ ਤੇ ਜੋਈ। ਕਰਤ ਸਨੇਹ ਅਧਕ ਮਨ ਸੋਈ ਜਬ ਤਿਨ ਸੁਨੇ ਗੁਰੂ ਜੀ ਆਏ। ਦਰਸਨ ਕੋ ਉਪਜੇ ਮਨ ਚਾਏ ਨੌਕਰ ਅਪਨਾ ਏਕ ਬੁਲਾਯਾ। ਤਾਤਕਾਲ

ਗੁਰ ਪਾਸ ਪਠਾਯਾ ਕਹਾ ਕਹੋ ਨਾਨਕ ਨਿਰੰਕਾਰੀ ਜਾਚਤ ਰਾਇ ਚਰਨ ਰਜ ਧਾਰੀ ਆਪ ਆਇ ਤੁਹਿ ਦਰਸਨ ਕਰਤਾ। ਚਰਨ ਕਵਲ ਮਹਿ ਨਿਜ ਸਰ ਧ੍ਰਤਾ ਪਰ ਤਹ ਦੇਹ ਬਿਰਧ ਬਹੁ ਹੋਈ। ਚਲਨ ਸਕਤ ਤਾ ਮਹਿ ਨਹਿ ਕੋਈ ਯਾਤੇ ਆਪ ਦਰਸ ਆ ਦੀਜੇ। ਮੇਰੋ ਧਾਮ ਪੁਨੀਤ ਕਰੀਜੇ ਰਾਇ ਬਚਨ ਸੁਨ ਸੇਵਕ ਧਾਯੋ। ਗੁਰ ਆਗੇ ਸਭ ਆਇ ਸੁਨਾਯੋ ਜਬ ਮਾਨਸ ਗੁਰ ਪਹਿਯੋਂ ਭਾਖਾ। ਰਾਇ ਬਚਨ ਗੁਰ ਸਿਰ ਪਰ ਰਾਖਾ ਚਲੇ ਰਾਇ ਕੇ ਗ੍ਰਹ ਅਵਤਾਰੀ। ਦਰਸਨ ਕਰਤ ਪਾਪ ਜਹਿ ਹਾਰੀ ਜਬ ਦੁਆਰੇ ਪਰ ਪਹੁਚੇ ਜਾਈ। ਆਯੋ ਰਾਇ ਤਹਾਂ ਕਰ ਧਾਈ ਬਿਰਧ ਦੇਹ ਕਾਪਤ ਪਗ ਹਾਥਾ। ਦੇਖਤ ਗੁਰ ਕੋ ਨਾਯੋ ਮਾਥਾ ਪੁਨ ਗੁਰ ਨੇ ਲਖ ਬਿਰਧ ਸਨੇਹੀ। ਬੰਦਨ ਕਰੀ ਪ੍ਰੀਤ ਸੋ ਤੇਹੀ ਖੇਮ ਕੁਸਲ ਆਪਸ ਮੈ ਆਖੀ। ਬਹੁਰ ਰਾਇ ਨੈ ਐਸੇ ਭਾਖੀ ਹੇ ਨਾਨਕ ਜੂ ਮੋ ਮਨ ਆਸਾ । ਤੋਰ ਦਰਸ ਕੀ ਹੁਤੀ ਪਿਆਸਾ ਸੋ ਖੁਦਾਇ ਨੇ ਪੂਰਨ ਕੀਨੀ। ਪਿਖੀ ਤੋਹ ਮੂਰਤ ਗੁਨ ਭੀਨੀ ਤਾਂ ਤੇ ਖਾਨਾ ਮੈਂ ਬਨਵਾਵੋਂ। ਮੋਰੇ ਘਰ ਭੋਜਨ ਅਬ ਪਾਵੋ ਕੈਸੋ ਭੋਜਨ ਤੁਮ ਮਨ ਭਾਵੈ। ਸਲੂਣਾ ਮੀਠਾ ਜੋ ਦਿਲ ਆਵੈ ਤੈ ਸੋਈ ਕਰ ਦੇਹੁ ਤਿਆਰਾ। ਹੋਇ ਪ੍ਰਸਿੰਨ ਚਿੱਤ ਜਿਉਂ ਧਾਰਾ ਹੱਸ ਬੋਲੇ ਨਾਨਕ ਜੂ ਐਸੇ। ਸੁਨੋ ਰਾਇ ਜੂ ਭੋਜਨ ਜੈਸੇ ਮੈਂ ਦਿਨ ਰੈਨ ਸੇ ਕਰੋਂ ਅਹਾਰਾ। ਆਨ ਸੁਆਦ ਜਾਤੇ ਤਜ ਡਾਰਾ ਜੋ ਭੋਜਨ ਮੈਂ ਭਾਖੋ ਤੋਹੀ। ਕਰੋ ਤਿਆਰ ਰਾਇ ਜੂ ਵੋਹੀ॥

ਮਿਠਾ ਮਰਮ ਸਲੂਣਾ ਸੰਜਮ ਖੋਟਾ ਖਰਾ ਧਿਆਨੁ॥ ਐਸਾ ਭੋਜਨ ਜੋ ਜਨ ਅਚਵੈ ਸੋ ਮਾਨਸੁ ਪਰਧਾਨੁ॥੧॥ਰਿਹਾਉ॥ ਸੇਵਾ ਮਗਨ ਲਗੀ ਹਰਿ ਸੇਤੀ ਜਿਸ ਖਾਧੇ ਤ੍ਰਿਪਤਾਵੈ॥ ਸਤਿਗੁਰੁ ਬ੍ਰਿਖ ਫਲਿਆ ਸਭ ਡਾਲੀ ਸੋ ਫਲ ਚੁਗ ਚੁਗ ਖਾਵੈ॥ ਅੰਮ੍ਰਿਤ ਫਲ ਰਸੁ ਨਾਮੁ ਧਨੀ ਕਾ ਸੋ ਪੀਵੈ ਜਿਸ ਦੇਵੈ॥ ਸਫਲੋ ਦਰਸਨ ਅਕਾਲ ਮੂਰਤ ਹੈ ਤਾਕੇ ਰਿਦੇ ਸਮਾਵੈ।੨॥ ਕਹੁ ਨਾਨਕ ਸੁਖ ਰਾਸ ਸੁਆਦੀ ਏਕੰਕਾਰ ਰਸੁ ਪੀਆ

ਅਵਰੁ ਸੁਆਦ ਸਭ ਫੀਕੇ ਲਾਗੇ ਜਬ ਸਾਚ ਨਾਮੁ ਮੁਖ ਦੀਆ॥

ਚੌਪਈ

ਯਾ ਕੋ ਭਵ ਯਹੀ ਗੁਰ ਗਾਯੋ। ਭਰਮ ਰਾਇ ਜਹ ਸੁਨਤ ਨਸਾਯੋ ਮਰਮ ਅਕਾਲ ਪੁਰਖ ਕੋ ਜੋਈ। ਮਨ ਕਰਮਨ ਮਹਿ ਲਖਿਓ ਸੋਈ ਯਹ ਮੀਠਾ ਭੋਜਨ ਮੈਂ ਕੀਨਾ। ਯਾ ਸਮ ਔਰ ਨ ਦੂਸਰ ਚੀਨ੍ਹਾ ਔਰ ਜਗਤ ਕੀ ਜੇਤ ਮਠਾਈ। ਮੁਖ ਤਕ ਮੀਠੀ ਬਹੁਰ ਖਟਾਈ ਮਲ ਮੂਤਰ ਹੋਵਤ ਛਿਨ ਮਾਂਹੀ। ਤਾਂ ਤੇ ਤਾਂ ਚਹੋ ਮੈਂ ਨਾਂਹੀ ਯਹ ਭੋਜਨ ਮੀਠਾ ਮੈਂ ਕੀਨਾ। ਇਕ ਰਸ ਸਦਾ ਸੁਆਦ ਅਤ ਚੀਨਾ ਪੁਨਾ ਇੰਦ੍ਰਨ ਕੋ ਸੰਯਮ ਜੋਈ। ਸਮ ਦਮਾਦ ਕਰ ਕਰਨੋ ਸੋਈ ਯਹੀ ਸਲੂਨਾ ਭੋਜਨ ਮੇਰਾ। ਜਾਕੇ ਸਮ ਦੂਸਰ ਨ ਹੇਰਾ ਏਕ ਅਕਾਲ ਧਯਾਨ ਮਨ ਜੋਊ। ਖਟ ਤੁਰਸੀ ਭੋਜਨ ਹੈ ਸੋਊ ਯਾ ਕੋ ਭਾਵ ਸੁਨੋ ਮਨ ਲਾਈ। ਨਿਖਲ ਸੰਦੇਹ ਤੋਹ ਮਿਟ ਜਾਈ ਯਹ ਮਨ ਚੰਚਲ ਠਹਰਤ ਨਾਂਹੀ। ਬਾਹਰ ਮੁਖ ਹੋਵਤ ਪਲ ਮਾਂਹੀ ਤਾ ਕੋ ਬਲ ਸੇ ਰੋਕਨ ਜੋਈ। ਯਹ ਤੁਰਸੀ ਇਸ ਭੀਤਰ ਹੋਈ ਯਾ ਬਿਧ ਕੋ ਭੋਜਨ ਜੋ ਖਾਵੈ। ਧੰਨ ਜਗਤ ਮਹਿ ਵਹਾਂ ਕਹਾਵੈ ਹਰ ਮਹਿ ਮਗਨ ਰਹਨ ਮਨ ਜੋਈ। ਯਾ ਸਮ ਮੇਵਾ ਅਵਰ ਨ ਕੋਈ ਆਸਾ ਤ੍ਰਿਸਨਾ ਭੂਖ ਅਪਾਰਾ। ਜਹ ਖਾਧੇ ਹੁਇ ਹੈਂ ਪਰ ਹਾਰਾ ਜਹ ਖਾਧੇ ਸਦ ਰਹੇ ਅਘਾਏ। ਬਹੁਰ ਨ ਤ੍ਰਿਸਣਾ ਲਾਗੇ ਆਏ ਪਰ ਯਹ ਫਲ ਸਤਿਗੁਰ ਤਹ ਦੇਹੈ। ਸੱਤ ਬਚਨ ਜੋ ਮੁਖ ਤੇ ਕੇਹੈ ਜਾ ਕੋ ਸੁਨ ਵਿਚਾਰ ਜਨ ਕਰਹੀ। ਤੀਨ ਤਾਪ ਪਲ ਭੀਤਰ ਹਰ ਹੀ ਮ੍ਰਿੱਦ ਹਿਤੂ ਬਚ ਰਸਨਾ ਮਾਂਹੀ। ਅੰਮ੍ਰਿਤ ਫਲ ਸਮ ਸਰ ਲਖ ਤਾਂਹੀ ਜਾਕੇ ਹੋਇ ਕ੍ਰਿਪਾ ਹਰ ਕੇਰੀ। ਸੋ ਸੁਨ ਹੈ ਤਜ ਕਰ ਸਭ ਦੇਰੀ ਜਾਕੇ ਅਚੇ ਰਿਦੇ ਕੇ ਮਾਂਹੀ। ਅਕਾਲ ਦਰਸ ਭੇਟਤ ਸੁਖ ਪਾਂਹੀ ਜੈਸੇ ਸਭ ਅਨੰਦ ਜਗ ਕੇਰੇ। ਅਕਾਲ ਪੁਰਖ ਕੇ ਅੰਤਰ ਹੇਰੇ ਜਾ ਜਨ ਨੇ ਤਿਸ ਸੁਖ ਕੋ ਪਾਯਾ। ਔਰ ਸੁਆਦ ਸਭ ਮਨੋਂ ਭੁਲਾਯਾ ਦਿਵਾਕਰ ਕੀ ਜਿਯੋਤੀ ਮਹਿ ਜੈਸੇ। ਦੀਪਕ ਦੁਤ ਦੂਰ ਜੇਹੈ ਕੈਸੇ ਤੈਸੇ ਤਾਂ ਸੁਖ

ਅੰਤਰ ਨੀਕੇ। ਔਰ ਸੁਆਦ ਸਭ ਲਾਗਤ ਫੀਕੇ ਜਾਂ ਤੇ ਯਹ ਭੋਜਨ ਮੈਂ ਪਾਊ। ਔਰ ਸਕਲ ਰਸ ਮਾਨੋ ਭੁਲਾਊਂ ਜਾਂਕੇ ਬਲ ਕਰ ਜੀਵਨ ਮੇਰਾ। ਔਰ ਨ ਦੂਸਰ ਜਾ ਸਮ ਹੇਰਾ ਸੁਨਤ ਰਾਇ ਮਨ ਹਰਖਤ ਭਯੋ। ਮਨ ਕੋ ਸੋਕ ਦੂਰ ਹੋ ਗਯੋ ਬੋਲਯੋ ਬਹੁਰ ਬਚਨ ਸੁਖ-ਕਾਰੀ। ਹੇ ਜਗਪਤ ਨਾਨਕ ਨਿਰੰਕਾਰੀ ਕੋ ਸੇਵਾ ਮੁਝ ਕੋ ਫਰਮਾਵੋ। ਜੋ ਅਪਨੀ ਇੱਛਾ ਆਖ ਸੁਨਾਵੋ ਸੋਈ ਕਰੋਂ ਦੇਰ ਨਹਿ ਲਾਊਂ। ਟਹਲ ਕਰੋਂ ਮਨ ਮਹਿ ਸੁਖ ਪਾਊਂ ਯਹ ਸੁਨ ਕਰ ਫਿਰ ਨਾਨਕ ਦੇਵਾ। ਬੋਲੇ ਬਚਨ ਲੋਭ ਕੇ ਛੇਵਾ ਸੁਨਹੁ ਰਾਇ ਹਮਰੀ ਫੁਰਮਾਇਸ । ਕਰੋ ਤੋਰ ਜੋ ਦੇਹੋ ਆਇਸ ਜਾਕੇ ਕਰੇ ਸਕਲ ਸੁਖ ਪੈਹੋ। ਮਨ ਕੇ ਸਕਲ ਖੇਦ ਤਜ ਦੈਹੋ। ਪੁਨਾ ਅਕਾਲ ਤੁਮ ਪਰ ਕਿਰਪਾਲਾ। ਜਾਕੇ ਕੀਏ ਹੋਇ ਮਦ ਕਾਲ॥

ਹਿਕ ਫੁਰਮਾਇਸ ਆਖੀਐ ਜੇ ਮੰਨੇ ਸਾਈ॥ ਜਿਥੇ ਜੋਰ ਨ ਚਲਈ ਕਰ ਜੋਰ ਧਿਆਈ॥ ਹਿਕਮਤ ਹੁਕਮ ਨ ਚਲਈ ਕੋਈ ਕਰ ਦੇਖੇ॥ ਸੇਖ ਮਸਾਇਕ ਸਿਧ ਸਾਧ ਸਭ ਲਿਖੀਐ ਲੇਖੇ॥

ਚੌਪਈ

ਯਾਹ ਬਚਨ ਮਹਿ ਕਰਨਾ ਕਰਨੈ। ਕਹਾ ਰਾਇ ਕੋ ਸੰਕਟ ਹਰਨੈ ਅਹੋ ਰਾਇ ਜੂ ਇਕ ਫੁਰਮਾਇਸ। ਭਾਖਤ ਹੂ ਮਾਨਹੁ ਜੋ ਆਇਸ ਜਹ ਅਕਾਲ ਆਗੇ ਨਹਿ ਜੋਰਾ। ਤਹਿ ਧਯਾਵੋ ਨਿਜ ਜੁਗ ਕਰ ਜੋਰਾ ਹਿਕਮਤ ਹੁਕਮ ਚਲਤ ਨਹਿ ਜਾਮੈਂ। ਕੋ ਕਰ ਦੇਖੇ ਬਲਕੁਰ ਤਾਮੈਂ ਜਾ ਸਮ ਦੂਸਰ ਔਰ ਨ ਕਈ। ਸਕਲ ਜਗਤਪਤ ਏਕੋ ਸੋਈ ਸਖ ਮਸਾਇਕ ਸਿੱਧਰ ਸਾਧਾ। ਸਭ ਹੀ ਤਹ ਲੇਖੇ ਮਹਿ ਬਾਧਾ ਤਹ ਆਗਯਾ ਪਾਲਨ ਹੈ ਜੋਈ। ਨਿਸ ਦਿਨ ਕਰੋ ਆਨ ਮਤ ਖੋਈ ਯਹੀ ਕਰੋ ਜੋ ਮੈਂ ਸੁਧ ਭਾਖਾ। ਗੋਪ ਮਤੋ ਤੁਹਿ ਸਨਮੁਖ ਆਖਾ ਸੁਨਤ ਰਾਇ ਪਦ ਸੀਸ ਨਿਵਾਯੋ। ਧੰਨ ਧੰਨ ਨਾਨਕ ਫੁਰਮਾਯੋ ਬਹੁਰ ਗੁਰੂ ਕੇ ਪਿਤ ਪ੍ਰਤਿ ਐਸਾ। ਕਹਾ ਰਾਇ ਬਚ

ਸੁਨਏ ਜੈਸਾ ਹੇ ਕਾਲੂ ਤੂੰ ਮਾਨਤ ਨਾਂਹੀ। ਯਹ ਅਵਤਾਰ ਤੋਹ ਘਰ ਮਾਂਹੀ ਬਾਲਪਨੇ ਤੇ ਮੈਂ ਇਸ ਦੇਖਾ। ਕਰਤ ਅਰਾਧਨ ਏਕ ਅਲੇਖਾ ਯਹ ਤੋ ਜਗ ਕੀ ਕਰੇ ਕਲਯਾਨਾ। ਅਨਕ ਪਖੰਡ ਕਰੇ ਗੋਹਾਨਾ ਬੋਲਯੋ ਪਿਤ ਸੁਨ ਤਾਕੀ ਬਾਨੀ। ਭਲਾ ਰਾਇ ਤੁਮ ਸਤ ਬਖਾਨੀ ਪਿਤਾ ਭਾਵ ਮੇਰੇ ਮਨ ਮਾਂਹੀ। ਜਾਤੇ ਭੇਦ ਲਖਤ ਯਾ ਨਾਂਹੀ ਯਾ ਪ੍ਰਕਾਰ ਕਰਤ ਉਪਦੇਸਾ। ਬਿਦਾ ਭਏ ਤਜ ਗਾਊ ਨਰੇਸਾ ਯਥਾ ਜੋਗ ਸਭ ਕੋ ਮਿਲ ਲੀਨਾ। ਬਾਨਪ੍ਰਸਤ ਕੋ ਉਦਮ ਕੀਨਾ ਚਾਰ ਆਸਰਮ ਰੀਤ ਥੋ ਜੈਸੀ। ਪੂਰਨ ਕਰੀ ਗੁਰੂ ਨੇ ਤੈਸੀ ਪ੍ਰਥਮੇ ਬ੍ਰਹਮਚਰਯ ਕੋ ਕੀਨਾ। ਜਾ ਮਹਿ ਇੱਕ ਅਕਾਲ ਕੋ ਚੀਨਾ ਕੀਓ ਅਧੇਨ ਗਯਾਨ ਹਰ ਕੇਰਾ। ਤਜ ਕਰ ਜਗ ਕੋ ਸਗਲ ਬਖੇਰਾ ਬਹੁਰ ਗਰਿਸਤ ਕਰਾ ਬਿਧ ਤੈਸੀ। ਸ੍ਰਿਸਟੀ ਨਿਯਮ ਹੋਤ ਹੈ ਜੈਸੀ ਦੋ ਬਾਲਕ ਗ੍ਰਹਿ ਮਹਿ ਉਪਜਾਏ। ਬਾਨਪ੍ਰਸਤਮ ਪਿਤਰ ਪਰ ਗੁਰ ਮਾਂਹਿ ਵਿਲੱਖਨ ਰੀਤੀ। ਰਹੀ ਏਕ ਜੋ ਆਨਨ ਕੀਤੀ ਅਪਨੋ ਧਰਮ ਜੋਇ ਉਪਦੇਸਾ। ਤਾਂ ਮਹਿ ਆਲਸ ਕਰੀ ਨ ਲੇਸਾ ਯਥਾ ਜੋਗ ਸਭ ਕੋ ਹਿਤਕਾਰੀ। ਕਰਤ ਰਹੇ ਗੁਰ ਪਰਉਪਕਾਰੀ ਪਾਧੇ ਪਹ ਪੜ੍ਹਨੇ ਜਬ ਪਾਏ। ਤਬ ਪਾਂਧੇ ਪ੍ਰਤਿ ਭਲ ਸਮਝਾਏ ਜੰਞੂ ਪਾਹਰਨ ਕੋ ਜੋ ਹੋਤਾ। ਤਾਹ ਸਮਯ ਭਾਖਯੋ ਭਲ ਤੇ ਤਾ ਸੁਲਤਾਨਪੁਰੇ ਮਹਿ ਗ੍ਰਹ ਜਬ ਕੀਨਾ। ਤਬ ਭੀ ਕਥਨ ਕਰਾ ਸੁਖ ਭੀਨਾ ਸੂਤਕ ਪਾਤਕ ਭਏ ਜਨਾਯੋ। ਪਾਂਧੇ ਕੋ ਬਹੁ ਬਿਧ ਸਮਝਾਯੋ। ਦੌਲਤ ਖਾਂ ਨਵਾਬ ਅਰ ਕਾਜੀ। ਗਏ ਮਸੀਤ ਮਾਂਹਿ ਹੋ ਰਾਜੀ ਮੁਸਲਮਾਨ ਮਤ ਗੁਰ ਕੋ ਦੇਨੇ। ਪਲਟੇ ਜਾਹਿ ਭਿਸਤ ਕੋ ਲੇਨੇ ਤਬ ਮਸੀਤ ਮਹਿ ਤਿਨ ਪ੍ਰਤ ਜੈਸਾ। ਕਹਾ ਗੁਰੂ ਭਾਖਾ ਹਮ ਤੈਸਾ ਬਹੁਰ ਪਿਤਾ ਪ੍ਰਤਿ ਜੋ ਬਚ ਕੀਨੇ। ਸੋ ਭੀ ਪ੍ਰਥਮ ਕਥਨ ਕਰ ਦੀਨੇ ਅਬ ਪੁਨਾ ਬਾਨਪ੍ਰਸਤੀ ਮਾਂਹੀ। ਅਟਨ ਕੀਓ ਜਸ ਬਿਧ ਗੁਰ ਜਾਂਹੀ ਸੋ ਭੀ ਕਥਾ ਸਕਲ ਸੁਨ ਲੀਜੇ। ਜਾਕੇ ਸੁਨੇ ਸਕਲ ਦੁਖ ਛੀਜੇ ਬਾਨਪ੍ਰਸਤ ਪ੍ਰਥਮ ਯਹ ਹੋਤਾ। ਜਗ ਕੇ ਸੋਕ ਸਗਲ ਨਰ ਖੋਤਾ ਜਾਇ ਬਨੋਂ ਮਹਿ ਭਰਮਨ ਕਰਤਾ। ਕੰਧ ਮੂਲ ਸੇ

ਨਿਜ ਕੁਖ ਭਰਤਾ ਨਿਸਾ ਕਹੀਂ ਦਿਨ ਕਹੀਂ ਬਿਤਾਤਾ। ਮਿਰਗਨ ਸਮ ਸਰ ਚਰ ਸੁਖ ਪਾਤਾ ਪਰ ਗੁਰ ਨੇ ਐਸਾ ਨਹਿ ਕੀਆ। ਪਰਉਪਕਾਰ ਵਿਖੇ ਮਨ ਦੀਆ ਸਕਲ ਜਗਤ ਕੋ ਬਨ ਪਹਚਾਨਾ। ਤਾਂ ਮਹਿ ਅਟਨ ਕੀਓ ਬਿਧ ਨਾ ਨਾ ਜਾ ਬਿਧ ਕੇ ਮਾਨਸ ਢਿਗ ਆਏ। ਤਾਂਕੋ ਤੈਸੇ ਬਚਨ ਸੁਨਾਏ ਸੁਭ ਮਾਰਗ ਮਹਿ ਚਲੇ ਆਪਾਰਾ। ਜਿਨ ਉਪਦੇਸ ਰਿਦੇ ਤਿਨ ਧਾਰਾ ਤਾਂਤੇ ਤਜ ਤਲਵੰਡੀ ਗਾਵਾ। ਚਲਤ ਭਏ ਜਤ ਕੋ ਮਨ ਭਾਵਾ। ਸੰਗ ਮਰਦਾਨਾ ਲੀਨ ਰਬਾਬੀ। ਗਾਇ ਸਬਦ ਜਗ ਹਰਤ ਖਰਾਬੀ ॥

ਵੈਰਾਗ ਪ੍ਰਬੋਧ

ਚੌਪਈ

ਫਿਰਤ ਦੇਸ ਕੇ ਇਤਉਤ ਓਰਾ। ਤਮ ਕੋ ਹਰਤ ਜਗਤ ਜਿਮ ਭੋਰਾ ਏਕ ਨਗਰ ਮਹਿ ਬੈਸੇ ਜਾਈ। ਵੈਰਾਗੀ ਉਤਰੇ ਜਹਿ ਆਈ ਕੰਠੀ ਜੰਞੂ ਛਾਪੇ ਲਾਏ। ਸਿਰ ਪਰ ਜਟਾਂ ਤਿਲਕ ਭਲ ਭਾਏ ਮੁਖ ਸੇ ਬੋਲਤ ਸੀਤਾ ਰਾਮ। ਕਸੇ ਲੰਗੋਟੇ ਤਾਂਕੈ ਦਾਮ ਰਣਸਿੰਙੇ ਮੁਖ ਊਚ ਬਜਾਵੈ। ਮਾਨੋਂ ਲੋਗਨ ਪਾਸ ਬੁਲਾਵੈ ਜਬ ਤਿਨ ਸੁਨਾ ਏਕ ਨਰ ਗਯਾਨੀ। ਯਾ ਨਗਰੀ ਮਹਿ ਅਹੇ ਸੁਜਾਨੀ ਦੇਖਨ ਹੇਤ ਗੁਰੂ ਕੇ ਆਏ। ਨਿਜ ਨਿਜ ਮਤ ਕੇ ਪ੍ਰਸ਼ਨ ਅਲਾਏ ਲਗੇ ਗੁਰੂ ਤਿਨ ਉਤਰ ਦੇਨੇ। ਸੁਨ ਕਰ ਲਗੇ ਸੋਇ ਪਗ ਪੈਨੇ ਜਬ ਚਰਚਾ ਬਹੁ ਭਯੋ ਅਪਾਰਾ। ਸੁਨਾ ਤਿਨੋਂ ਕੇ ਗੁਰ ਨੇ ਭਾਰਾ ਸੋ ਭੀ ਆਇ ਗੁਰੂ ਢਿਗ ਬੋਲਾ। ਨਿਜ ਮਤ ਕਾ ਪਰਦਾ ਜਿਨ ਖੋਲਾ ਲਗਾ ਕਹਨ ਸੁਨ ਨਾਨਕ ਬਾਵਾ। ਹਮਰੋ ਮਤ ਆਦ ਚਲਾਵਾ ਨਾਮ ਵੈਰਾਗ ਦਰਸਨ ਇਸ ਕੇਰਾ ਯਾਕੋ ਧਾਰ ਕਟੇ ਭਵ ਫੇਰਾ ਤਾਂਤੇ ਹਮਰੇ ਮਤ ਮਹਿ ਆਓ। ਸੀਤਾ ਰਾਮ ਮੁਖੋਂ ਨਿਤ ਗਾਓ ਹੋਇ ਵੈਰਾਗੀ ਜਗ ਮਹਿ ਖੇਲੋ। ਦੁਨੀਆ ਕੀ ਸਗਰੀ ਮਤ ਠੇਲੋ ਅਸ ਅਬ ਭਾਨੇ ਬੈਨ ਉਚਾਰੇ। ਸੁਨ ਬੋਲੇ ਨਾਨਕ ਅਵਤਾਰੇ ਕੰਠੀ ਟਿੱਕਾ ਜਟਾ ਜਨੇਊ। ਪੁਨ

ਛਾਪਾ ਜੋ ਤਨ ਪਰ ਦੇਊ ਨਹੀਂ ਵੈਰਾਗੀ ਕੋ ਯਹ ਲੱਖਨ। ਜਾਤੇ ਧਰਤ ਨ ਤਨ ਪਰ ਦੱਖਨ ਲੋਕ ਪ੍ਰਲੋਕ ਭੋਗ ਕੀ ਰਾਗੀ। ਜਾ ਨੇ ਤਜੀ ਸੋਇ ਵੈਰਾਗੀ ਤੀਨ ਪ੍ਰਕਾਰ ਜਗਤ ਵੈਰਾਗਾ। ਅਹੇ ਸੁਨੋ ਤੁਮ ਹੇ ਵਡਭਾਗਾ ਮੰਦ ਏਕ ਕੋ ਨਾਮ ਕਹੀਜੈ। ਤੀਬਰ ਨਾਮ ਦੂਸਰੋ ਲੀਜੈ ਤੀਬਰ ਤਰ ਤੀਜੋ ਜਗ ਹਈਏ। ਜਾਕੇ ਧਰੇ ਵੈਰਾਗੀ ਪਈਏ ਮੰਦ ਵੈਰਾਗ ਪ੍ਰਥਮ ਯਹ ਰੀਤੀ। ਸੁਨ ਲੀਜੈ ਤੁਮ ਸਾਥ ਪਰੀਤੀ ਸੁਤ ਨਾਰੀ ਮਾਤਾ ਮਰ ਜਾਵੈ। ਪਿਤਾ ਭ੍ਰਾਤ ਪਰਲੋਕ ਸਿਧਾਵੈ ਮਰੇ ਬਹਨ ਯਾ ਚਾਚਾ ਤਾਯਾ। ਵਾ ਗ੍ਰਹ ਪਰ ਆਵਤ ਕੋ ਆਯਾ ਧਨ ਸੰਪਤ ਘਰ ਕੀ ਹਤ ਹੋਈ। ਨਿਰਧਨ ਜਾਨ ਭਜਤ ਹਿਤ ਲੋਈ ਤਬੀ ਵੈਰਾਗ ਮਨੇ ਉਪਜਾਵੈ। ਧ੍ਰਿੱਗ ਧ੍ਰਿੱਗ ਨਿਜ ਮੁਖੋਂ ਅਲਾਵੈ ਹਾ ਹਮਰੇ ਜੋ ਸਵੇ ਪਿਆਰੇ। ਸੋ ਤੋ ਤਜ ਪਰਲੋਕ ਸਿਧਾਰੇ ਧਨ ਸੰਪਤ ਮਮ ਰਹਾ ਨ ਕੋਈ। ਜਗ ਜੀਵਨ ਮਮ ਕੈਸੇ ਹੋਈ ਤਾਂ ਤੇ ਤਜ ਗ੍ਰਹ ਕੋ ਅਬ ਦੈਹੋ। ਸਾਧ ਫਕੀਰਨ ਮੈ ਮਿਲ ਜੈਹੋ ਅਸ ਵਿਚ ਗ੍ਰਹ ਕੋ ਤਜ ਜਾਵੈ। ਧਾਰ ਭੇਖ ਨਿਜ ਆਪੁ ਬਤਾਵੈ ਐਸ ਪੁਰਖ ਜੋ ਮਹਾਂ ਅਭਾਗੀ। ਨਾਮ ਕਹਤ ਤਹਿ ਮੰਦ ਵੈਰਾਗੀ ਦੂਸਰ ਤੀਬਰ ਜੋ ਵੈਰਾਗੇ। ਸੋ ਸੁਨੀਏ ਜਾ ਮਹਿ ਬਹੁ ਪਾਗੇ ਸ੍ਵਰਗ ਸੁਖਨ ਭੋਗਨ ਕੇ ਹੇਤਾ। ਯਾ ਜਗ ਕੋ ਸੁਖ ਤਜ ਹੈ ਜੇਤਾ ਕਹੇ ਅਨਿੱਤ ਜਗਤ ਸੁਖ ਸਾਰੇ। ਨਿਤ ਪਰਲੋਕ ਸਦਾ ਮਨ ਧਾਰੇ ਯਹ ਵੈਰਾਗ ਬਹੁਤ ਜਨ ਧਾਰੇ। ਜਪ ਤਪ ਸੰਜਮ ਕਰਤ ਕਰਾਰੇ ਤਾਸਰ ਤੀਬਰ ਤਰ ਜੋ ਮੀਤਾ। ਤਾਕੋ ਸੁਨੋ ਲਗਾ ਕਰ ਚੀਤਾ ਲੋਕ ਪ੍ਰਲੋਕ ਵਿੱਖਯ ਸੁਖ ਜੇਤੇ। ਦੁਖ ਮੂਲਕ ਪਿਖ ਤਜ ਹੈ ਤੇਤੇ ਸਦਾ ਨਿੱਤ ਸੁਖ ਆਤਮ ਕੇਰਾ। ਤਾਂ ਮਹਿ ਮਨ ਕੋ ਕਰੇ ਬਸੇਰਾ ਤੀਬਰ ਤਰ ਵੈਰਾਗ ਯਹੀ ਹੈ। ਜਾਕੀ ਰੀਤ ਜੁ ਤੋਹ ਕਹੀ ਹੈ ਯਹ ਵੈਰਾਗ ਧਰੇ ਵਡਭਾਗੀ। ਹਰ ਕੇ ਚਰਨ ਜਾਹਿ ਲਿਵ ਲਾਗੀ। ਅਥ ਤਾਕੇ ਲੱਖਨ ਸੁਨ ਪਿਆਰੇ। ਲਹਿ ਵੈਰਾਗ ਪਦਵੀ ਜਹ ਧਾਰੇ॥

ਅਰਚੈ ਕੇ ਘਰ ਰਹੈ ਉਦਾਸ ॥ ਪਰਚੈ ਕੇ ਘਰ ਕਰੇ ਨਿਵਾਸੁ॥ ਊਂਦਰ

ਕੈ ਸਬਦ ਬਿਲਾਈ ਭਾਗੀ।। ਨਾਨਕ ਕਹੈ ਸੋਈ ਵੈਰਾਗੀ ।।੧।। ਸੋ ਵੈਰਾਗੀ ਜੋ ਸੰਤੋਖੁ ਮਹਿ ਆਵੈ।। ਉਲਟੈ ਪਉਣ ਸਹਜੁ ਸਮਾਵੈ।। ਪੰਚ ਚੋਰ ਕੋ ਵਸਿ ਗਤਿ ਕਰੈ।। ਸੋ ਵੈਰਾਗੀ ਸਿਵ ਊਪਰ ਚੜੈ ।ਅਵਗਤਿ ਤਿਆਗ ਏਕ ਲਿਵ ਲਾਗੀ।। ਨਾਨਕ ਕਹੈ ਸੋਂਈ ਵੈਰਾਗੀ।੨।। ਵੈਰਾਗੀ ਸੋ ਜੋ ਵੈਰਾਗ ਮਹਿ ਆਵੈ।। ਸਾਸ ਸਾਸ ਹਰਿ ਨਾਮ ਧਿਆਵੈ।। ਸਹਜੇ ਆਸਣ ਕਰਹੈ ਚੀਤਾ।। ਸੋਂ ਵੈਰਾਗੀ ਤਤ ਕਾ ਵੇਤਾ।। ਨੀਦ ਨਿਵਾਰੀ ਸੁੰਨਿ ਮਹਿੰ ਜਾਗੀ।। ਨਾਨਕ ਕਹੈ ਸੋਈ ਵੈਰਾਗੀ।੩।।

ਚੌਪਈ

ਯਾਹਿ ਸਬਦ ਮਹਿ ਯਹ ਸਮਝਾਵੈ। ਲੱਖਨ ਸਾਚ ਵੈਰਾਗ ਜਨਾਯੋ ਸੁਨ ਵੈਰਾਗੀ ਸਾਚੀ ਬਾਨੀ । ਜਾਕੇ ਮਹ ਸੁਨੇ ਸੋਧ ਮੋਹ ਤਮ ਹਾਨੀ ਜੋ ਤੁਮ ਪੀਤਲ ਤਾਂਬਾ ਕੇਰੀ। ਮੂਰਤ ਪੂਜੋ ਈਸੂਰ ਹੇਰੀ ਪੁਸਪ ਮਾਲ ਅਰ ਅਧਕ ਸੁਗਾਧਾ । ਲਾਇ ਤਾਹਿ ਅਰਚੋ ਕਰ ਬੰਧਾ ਧੂਪ ਤਿਲਕ ਮਸਤਕ ਤਿਹ ਦੇਹੋ। ਜਾਕੀ ਅਰਚਾ ਬਹੁ ਬਿਧ ਕੇਹੋ ਬਾਹਰ ਮੁਖੀ ਕਰਮ ਯਹ ਸਾਰੇ। ਇਨ ਤੇ ਨਹਿ ਹਰਿ ਮਿਲੇ ਪਿਆਰੇ ਇਸ ਅਰਚਨ ਤੇ ਰਹੋ ਉਦਾਸਾ। ਪਰਚੇ ਮਾਂਹਿ ਲਹੋ ਸੁਖ ਰਾਸਾ ਪਰਮਾਤਮ ਮਹਿ ਮਨ ਕੋ ਲਾਨਾ। ਪੁਨਾ ਤਾਹੀ ਕੌ ਚਿੰਤਨ ਭਾਨਾ ਯਹ ਪਰਚੇ ਕੌ ਲੱਖਨ ਹਈਏ। ਜਾ ਮਹਿ ਸਦਾ ਜੰਹਿ ਮਤ ਪਈਏ ਨਿਮਰਤ ਸਹਤ ਬਚਨ ਜੋ ਹਈਏ ਸੋਈ ਮੂਸਾ ਜਗ ਮਹਿ ਕਹੀਏ ਜੈਸੇ ਮੂਸਾ ਵਸਤ ਚੁਰਾਵੈ। ਮ੍ਰਿੱਦ ਬਚਨ ਤਿਊਂ ਮਨ ਹਰ ਜਾਵੈ ਜਾਕੇ ਕਹੇ ਹੰਗਤਾ ਭਾਗੀ। ਬਿਲੀਆ ਸਮ ਜੌ ਅਹੇ ਅਭਾਗਾ। ਮ੍ਰਿੱਦ ਬਚਨ ਜਬ ਕੇ ਸੁਨ ਪਾਵੈ। ਹੰਕਾਰ ਬਿਲਾਈ ਤਬੀ ਨਸਾਵੈ ਐਸੇ ਸੁਭ ਗੁਨ ਜਾ ਮਹਿ ਹੋਈ। ਸਾਚੋ ਜਾਨ ਵੈਰਾਗੀ ਸੋਈ ਤ੍ਰਿਸਨਾ ਅਗਨ ਨਾਸ ਕੇ ਕਾਰਨ ।ਅਹੇ ਸੰਤੋਖ ਮੇਘ ਅਤ ਦਾਰਨ ਯਥਾ ਲਾਭ ਸੰਤੁਸ਼ਟਹਿ ਹੋਈ। ਲੋਭ ਰਾਸ ਤਹਿ ਗਹੇ ਨ ਕੋਈ ਬਾਹਰ ਮੁਖ ਸੂਾਸਨ

ਕੋ ਰੋਕੈ। ਅੰਤਰ ਬ੍ਰਿਤ ਮਾਹਿ ਖਿਤਿ ਹੋਕੈ ਨਿਸ ਬਾਸਰ ਨਿਜ ਆਤਮ ਅੰਤਰ। ਸਹਿਜ ਬ੍ਰੱਤ ਮਨ ਰਹੇ ਨਿਰੰਤਰ ਕਾਮ ਕ੍ਰੋਧ ਲੋਭ ਅਰ ਮੋਹਾ। ਪੰਚਮ ਜੋ ਹੰਕਾਰ ਦ੍ਰੋਹਾ ਅਹੇ ਪੰਚ ਯਹਿ ਚੋਰ ਮਹਾਨੇ। ਗਯਾਨ ਵੈਰਾਗ ਮੋਖ ਧਨ ਹਾਨੇ ਇਨਕੋ ਗਹ ਕਰ ਨਿਜ ਰਸ ਕਰ ਹੈ। ਸੋ ਮੁਕਤੀ ਕੇਦਰ ਪਰ ਚਰਹੈ ਅਵਰ ਗਤੀ ਸਗਲੀ ਤਜ ਦੇਵੈ ਅਕਾਲ ਪ੍ਰੀਤ ਮਹਿ ਦ੍ਰਿੜਤਾ ਲੇਵੈ ਯਹ ਲਖਨ ਜਾ ਮਨ ਮਹਿ ਹੋਈ। ਅਹੇ ਵੈਰਾਗੀ ਸਾਚੋ ਸੋਈ ਪੁਨਾ ਵੈਰਾਗੀ ਵਹੁ ਜਨ ਕਹੀਏ। ਉਦਾਸੀਨ ਬ੍ਰਿੱਤੀ ਯਹ ਪਈਏ ਸ੍ਵਾਸ ਸ੍ਵਾਸ ਮਹਿ ਈਸ ਅਰਾਧੇ। ਆਨ ਬ੍ਰਿੱਤ ਮਨ ਤੇ ਸਤ ਬਾਧੇ ਸਹਜੇ ਨਿੱਧਯਾਸਨ ਚਿਤ ਚੇਤੇ। ਸੰਕਲਪ ਵਿਕਲਪਤ ਜੇ ਮਨ ਜੇਤੇ ਤੱਤ ਗਿਆਨ ਕੋ ਸੋ ਅਧਿਕਾਰੀ। ਅਹੇ ਵੈਰਾਗੀ ਪਰਮ ਉਦਾਰੀ ਅਗਯਾਨ ਨੀਂਦ ਜਹਿ ਦੂਰ ਨਿਵਾਰੀ ਨ੍ਰਿਵਿਕਲਪ ਜਾਗ੍ਰਤ ਉਰਧਾਰੀ ਗਯਾਨ ਜਾਗਨੀ ਜਾਗ ਜੋ ਜੋਊ। ਤਜ ਅਗਯਾਨ ਨੀਂਦ ਅਤ ਸੋਊ ਪਰਮ ਪੁਨੀਤ ਮਹਾਂ ਵਡਭਾਗੀ। ਜਾਨ ਜਗਤ ਮਹਿ ਸੋ ਵੈਰਾਗੀ ਤਾਂਤੇ ਐਸੋ ਹੋ ਵੈਰਾਗੀ। ਜਗ ਮਹਿ ਸੁਖ ਪਾਵੇ ਵਡਭਾਗੀ। ਨਾਤਰ ਬਾਹਰ ਮੁਖ ਜੋ ਭੇਖਾ। ਕਰ ਨਹਿ ਕਹੂੰ ਤੱਤ ਕੋ ਦੇਖਾ ਭੇਖ ਮਾਂਹਿ ਨਹ ਮਿਲੇ ਅਲੇਖਾ। ਜਾਂ ਮਹਿ ਰੂਪ ਰੰਗ ਨਹਿ ਰੇਖਾ ਔਰ ਵੈਰਾਗ ਵੈਰਾਗ ਨ ਹਈਏ। ਅਕਾਲ ਪੁਰਖ ਹਿਤ ਸਾਚੋ ਪਈਏ ਸੁਨਤ ਪ੍ਰਿਅ ਬਚ ਸੁਖਕੇ ਹੇਤਾ। ਗਯਾਨ ਵੈਰਾਗਹ ਭਗਤਨ ਕੇਤਾ ਭਏ ਮੁਕਤ ਸੁਖ ਲੀਨ ਵੈਰਾਗੀ। ਕਲਪਤ ਬਾਸਨ ਸਕਲੀ ਤਯਾਗੀ ਧੰਨ ਧੰਨ ਨਾਨਕ ਅਵਤਾਰੀ। ਹਮ ਭਵ ਤਰੇ ਸ਼ਰਨ ਗਹ ਥਾਰੀ ਅਸ ਉਪਦੇਸ ਦੇਤ ਪੁਨ ਚਾਲੇ। ਮਨ ਭਾਵਤ ਪਥ ਮਹਾਂ ਸੁਖਾਲੇ।।

ਜੋਗੀ ਪ੍ਰਬੋਧ

ਚੌਪਈ

ਰਟਤ ਦੇਸ ਮਹਿ ਇੱਛਾ ਚਾਰੀ। ਗੋਰਖ ਮਤੇ ਓਰ ਭਈ ਤਯਾਰੀ ਜਹ ਜੋਗੀ ਜਨ ਬਹੁਤ ਨਿਵਾਜੈ। ਜੋਗ ਸਾਧਨਾ ਬਹੁ ਬਿਧ ਸਾਜੈ ਤਹਾਂ ਆਇ ਪੀਤਰ

ਕੀ ਛਾਯਾ। ਬੈਠ ਗਏ ਜਗ ਜਨ ਸੁਖਦਾਯਾ ਜੋਗੀ ਸਾਧ ਦੇਖ ਤਿਨ ਰੂਪਾ। ਮਹਾਂ ਪ੍ਰਤਾਪੀ ਪਰਮ ਅਨੂਪਾ ਆਇ ਅਦੇਸ ਕਰੇਂ ਮੁਖ ਬੋਲੇ। ਗੁਰ ਕੇ ਮਤ ਕੋ ਚਹਿਤ ਟਟੋਲੇ ਪਰ ਜਬ ਸੁਨੇ ਬਚਨ ਗੁਰ ਕੇਰੇ। ਹਇ ਅਚੰਭਾ ਤਾਂ ਤਨ ਹੇਰ ਬਹੁਰ ਜਾਇ ਗੁਰ ਅਪਨੇ ਤਾਈ। ਸਕਲ ਬਾਤ ਤਿਨ ਜਾਇ ਸੁਨਾਈ ਸੁਨ ਵਹੁ ਸਿੱਧ ਜੋਗ ਮਦ ਮਾਤਾ। ਆਯੋ ਗੁਰ ਜੀ ਤਨ ਵਿਖਯਾਤਾ ਆਦੇਸ ਆਦੇਸ ਉਚ ਤਿਨਭਾ। ਗੁਰ ਕੀ ਓਰ ਧਯਾਨ ਕਰ ਰਾਖਾ ਆਦ ਪੁਰ ਕੋ ਅਹੇ ਅਦੇਸਾ। ਕਹੀ ਗੁਰੂ ਤਾ ਪ੍ਰਤਿ ਸੁਖ ਵੇਸਾ ਕਹਾ ਗੁਰੂ ਪ੍ਰਤਿ ਕੋ ਤੂੰ ਹਈਏ। ਕਤ ਆਯੋ ਕਤ ਕੋ ਅਬ ਜਈਏ ਯਹ ਮੁਨ ਬੋਲੇ ਨਾਨਕ ਦੇਵਾ। ਸੁਨਹੁ ਨਾਥ ਨੀਕੇ ਕਰ ਭੇਵਾ ਮੈਂ ਹੂੰ ਨਾਨਕ ਹਰ ਕੋ ਦਾਸਾ। ਦੇਖਤ ਫਿਰਹੂੰ ਜਗਤ ਤਮਾਸਾ ਜਿਉਂ ਤਿਸ ਭਾਵੈ ਸੋ ਕਰਵੈ ਹੋਂ। ਜਿਤ ਵਲ ਭੇਜੇ ਤਿਤ ਵਲ ਜੈ ਹੋਂ ਆਵਨ ਜਾਵਨ ਤਨ ਕੇ ਕਰਮਾ। ਸੁਤੇ ਹੋਤ ਹੈ ਤਾਕੇ ਧਰਮਾ ਦੇਸ ਪੰਜਾਬ ਮਾਂਹਿ ਤੇ ਆਏ। ਜਹ ਮਨ ਚਹੇ ਤਾਂਹਿ ਵਲ ਜਾਏ ਜਬ ਐਸੇ ਜੋਗੀ ਸੁਨ ਪਾਯੋ। ਮਨ ਅਪਨੇ ਯਹ ਮਤਾ ਪਕਾਯੋ ਯਹ ਵੈਰਾਗ ਮਾਨ ਨਰ ਕੋਊ। ਹਮਰੇ ਸੇਵਕ ਪਲ ਮਹਿ ਹੋਓ ਅਸ ਵਿਚਾਰ ਬੋਲਯੋ ਤਬ ਜੋਗੀ। ਜੋਗ ਗਤੀ ਜਾਨਤ ਨਹਿ ਭੋਗੀ ਤਾਂ ਤੇ ਜੋਗ ਧਰੋ ਤੁਮ ਬਾਲੇ। ਪਰਮ ਧਾਮ ਕੋ ਲਹੋ ਸੁਖਾਲੇ ਫਿਰ ਬੋਲੇ ਨਾਨਕ ਗੁਰ ਦੇਵਾ। ਕੌਨ ਯੁਕਤ ਕਰ ਜੋ ਗਲ ਖੇਵਾ ਪੁਨਾ ਜੋਗ ਵਹੁ ਕੈਸੋ ਹਈਏ। ਤਾਕੇ ਭੇਦ ਸਗਲ ਤੁਮ ਕਹੀਏ ਜਬ ਗੁਰ ਗਿਹਾ ਐਸ ਬਿਧ ਗਾਈ। ਬੋਲਯੋ ਜੋਗੀ ਤਬ ਸਮਝਾਈ ਯੁਕਤ ਜੋਗ ਕੀ ਹਠ ਕਰ ਜਾਨੈ। ਸਾਧਨ ਕਸ਼ਟ ਜਾਹਿ ਮਧਿ ਮਾਨੈ ਤਨ ਸੁਧੀ ਪਹਲੇ ਕਰ ਲੀਜੈ। ਪ੍ਰਾਣਾਯਾਮ ਬਹੁਰ ਕਰ ਵੀਜੈ ਅਸ਼ਟ ਅੰਗ ਫਿਰ ਜੋਗ ਕਮਾਵੈ। ਪਰਮਪੁਰਖ ਕੋ ਤਬ ਦਰਸਾਵੈ ਸੋਈ ਯੁਕਤ ਸੁਨ ਮਨ ਲਾਈ। ਛੋਰ ਭੇਦ ਸਭ ਦੇਹੁ ਸੁਨਾਈ ਨੇਤੀ ਦਾਤ ਨ ਧੋਤੀ ਜੋਈ। ਗੋਰਖ ਕਿਰਿਆ ਚੌਥੇ ਹੋਈ ਯਾਕੋ ਧਾਰਨ ਯਾ ਬਿਧ ਕੀਜੈ। ਯਥਾ ਕਰਮ ਯਾ ਕੇ ਸੁਨ ਲੀਜੈ ਤੀਨ ਤੰਤ ਸੂਤਰ ਕੇ

ਮੇਲੇ। ਬਾਟ ਦੇਇ ਦਗਨੋ ਕਰ ਠੇਲੇ ਖਟ ਤੰਤਨ ਕੋ ਕਰਕੇ ਡੋਰਾ। ਸਵਾ ਬਲਿਸ਼ਤ ਹੋਇ ਭਲ ਕੋਰਾ ਥਾਇ ਨ ਸਕਾ ਕੇ ਤਬ ਦੁਆਰੇ । ਦਹਨੀ ਓਰ ਚੜਾਇ ਨਿਕਾਰੇ ਦੋਨੋ ਸਿਰੇ ਡੋਰਕੇ ਜੋਈ। ਜੁਗ ਹਾਥਨ ਸੇ ਪਕਰੇ ਸੋਈ ਦੂਧ ਮਧਾਨੀ ਸਮਹ ਬਲੋਵੈ। ਜਾਤੇ ਮੈਲ ਸੀਸ ਕੀ ਖੋਵੈ ਜਬ ਤਕ ਤ੍ਰਿਕੁਟੀ ਸੁਧ ਨ ਹੋਵੈ। ਤਬ ਤਕ ਕਰੇ ਕਾਮ ਯਹ ਜੋਵੈ ਹੋਇ ਸੁਧ ਤਬ ਯਾ ਕੋ ਤਯਾਗੇ। ਦਾਤਨ ਕੀ ਬਿਧ ਕਰਨੇ ਲਾਗੇ ਸਵਾ ਹਾਥ ਸੂਤਰ ਕੀ ਦਾਤਨ ਲਏ ਬਨਾਇ ਰਿਦੇ ਮਲ ਘਾਤਨ ਖਾਂਡ ਸਾਥ ਤੋਹ ਮੇਲ ਸਧਾਰੇ। ਛਾਤੀ ਕੀ ਮਲ ਦੇਹ ਨਿਵਾਰੇ ਪਰ ਯਹ ਕਠਨ ਰੀਤ ਹੈ ਬਾਲੇ। ਬਹੁਤ ਮਰਤ ਇਸ ਘਾਲਨ ਘਾਲੇ ਪਰ ਜਬ ਸੁੱਧ ਹੋਤ ਯਹ ਛਾਤੀ। ਰਹੇ ਮੈਲ ਸਗਲੀ ਉਰ ਜਾਤੀ ਤਬ ਧੋਤੀ ਇਸ ਭਾਂਤ ਕਮਾਵੈ। ਉਦਰ ਮੈਲ ਜਾਂਤੇ ਮਿਟ ਜਾਵੈ ਮਖਮਲ ਕੇ ਬਸਤਰ ਇੱਕ ਲੇਵੇ। ਪ੍ਰਮਾਣ ਸਵਾ ਗਜ ਜਾ ਕੋ ਦੇਵੇ ਸਵਾ ਬਲਿਸ਼ਤ ਚੌੜਾਈ ਜਾਕੀ। ਸੋਧ ਰੀਤ ਕਰ ਲੇਵਹੁ ਵਾਕੀ ਦੁਗਨੋ ਤਿਗਨੋ ਚੁਗਨੋ ਜੋੜੇ। ਪਾਛੇ ਖਾਂਡ ਭਾਂਡ ਮਹਿ ਬੋੜੇ ਫਿਰ ਮੁਖ ਪਾਇ ਉਦਰ ਮਹਿ ਧਾਰੇ। ਮੂਲ ਦੁਆਰੇ ਜਾਇ ਨਿਕਾਰੇ ਸਭ ਅੰਤਰ ਕੀ ਮਲ ਹੈ ਜੇਤੀ। ਦੂਰ ਹੋਤ ਹੈ ਯਾਤੇ ਤੇਤੀ ਯਾਹ ਕਸ਼ਟ ਕਰਤੇ ਬਹੁ ਜੋਗੀ । ਪ੍ਰਾਨ ਤਜਤ ਕੈ ਹੋਰਤ ਰੋਗੀ ਤਾਂ ਤੇ ਕਸ਼ਟ ਸਾਧ ਯਹ ਹਈਏ। ਧੋਤੀ ਨਾਮ ਜਾਹਿ ਕੋ ਕਹੀਏ ਫਿਰ ਗੋਰਖ ਕਿਰਿਆ ਪਰਚਾਨੋ। ਚੌਥੋ ਯਾਹਿ ਅਗਾਰੀ ਮਾਨੋ ਸੇ ਤੇ ਕਸ਼ਟ ਸਾਧ ਹੈ ਭਾਈ। ਕਹੁੰ ਪੁਰਖ ਤੇ ਸਾਧੀ ਜਾਈ ਪ੍ਰਥਮ ਨੀਰ ਅਗਨੀ ਪਰ ਤਾਏ। ਬਹੁਰ ਨਿਮਕ ਤਹਿ ਮਾਂਹਿ ਮਿਲਾਏ ਪੱਕ ਨੀਰ ਜਬ ਰਹ ਹੈ ਥੋਰਾ। ਲੇਹੁ ਉਤਾਰ ਧਰੇ ਨਿਜ ਧੋਰਾ ਚਰਮ ਮਸ਼ਕ ਮਹਿ ਤਹਿ ਭਰ ਲੀਜੈ ਮੂਲ ਦੁਆਰ ਮੁਖ ਤਾ ਕੋ ਦੀਜੈ ਸੋ ਜਲ ਮੂਲ ਦੁਆਰ ਕੇ ਦੁਆਰੇ। ਉਦਰ ਮਾਂਹਿ ਭਰ ਲੇਹੋ ਧਾਰੇ ਯਥਾ ਸ਼ਕਤ ਤਹ ਅੰਤਰ ਰਾਖੇ। ਬਹੁਰੋ ਤਿਸ ਮਾਰਗ ਤਿਹ ਨਾਖੇ ਸਕਲ ਮੈਲ ਕਫ ਬਾਹਰ ਡਾਰੇ। ਸੁੱਧ ਹੋਤ ਤਨ ਸਗਲ ਸੁਖਾਰ ਯਹ ਸਾਧਨ ਤਨ ਸੁੱਧੀ ਕੇਰੇ। ਬਹੁਰ ਪ੍ਰਾਣਾਯਾਮ

ਸੁ ਹੇਰੇ ਪੂਰਕ ਕੁੰਭਕ ਰੇਚਕ ਕਰ ਹੈ। ਦਸਵੇਂ ਦ੍ਵਾਰ ਪ੍ਰਾਨ ਲੈ ਧਰ ਹੈ ਅਸ਼ਟ ਅੰਗ ਜੋ ਯੋਗਹਿ ਕੇਰੇ। ਧਰੇ ਚਰਹਤ ਜੋ ਪਾਪ ਨਿਬੇਰੇ ਯਮ ਅਰ ਨੇਮ ਆਸਨ ਹੈ ਤਾਜੋ । ਪ੍ਰਾਣਾਯਾਮ ਚਤੁਰਥੋ ਲੀਜੋ ਪ੍ਰਿਤਯਾ ਹਾਰ ਧਾਰਨਾ ਜੋਈ । ਪੰਚ ਖਸ਼ਟਮੋ ਜਾਨੋ ਸੋਈ ਧਯਾਨ ਸਮਾਧ ਸਪਤ ਪੁਨ ਅਸਟਾ ਯਹੀ ਜੋਗ ਕੇ ਅੰਗ ਸਪਸਟਾ॥

ਦੋਹਿਰਾ

ਸੁਨੇ ਸਿੱਧ ਕੇ ਬੈਨ ਜਬ ਹਸ ਬੋਲੇ ਗੁਰਦੇਵ।
ਕਹਾਂ ਸਿੱਧ ਹਠ ਜੋਗ ਤੇ ਲਹੋ ਨ ਆਤਮ ਭੇਵ॥

ਚੌਪਈ

ਨੇਤੀ ਆਦ ਚਾਰ ਜੋ ਭਾਖੇ। ਤਨ ਕੇ ਸੁੱਧ ਹੇਤ ਤੁਮ ਰਾਖੇ ਸੋ ਤੋ ਬ੍ਰਿਥਾ ਕਸ਼ਟ ਕੋ ਪੈਹੈ। ਤਨ ਸੁੱਧੀ ਨਹਿ ਯਾਤੇ ਹ੍ਵੈਹੈ ਹਾਡ ਮਾਸ ਕੋ ਪੰਜਰ ਦੇਹੀ। ਮਲ ਮੂਤਰ ਕੀ ਸਦਾ ਸਨੇਹੀ ਨਾੜੀ ਮਜਾ ਮੇਦਨੀ ਪੂਰੀ।ਨਖ ਸਿਖ ਮਲਨ ਸੋਚ ਤੇ ਦੂਰੀ ਕਾਚੀ ਭੀਤ ਕਹਾਂ ਤਕ ਧੋਵੈ। ਕਾਲੋ ਊਜਲ ਕੈਸੇ ਹੋਵੈ ਤਾਂ ਤੇ ਤਨ ਅਸੁੱਧ ਹੈ ਪਯਾਰੇ। ਸੁਧ ਕਰਨ ਮਿਥਯਾ ਹੈ ਥਾਰੇ ਕਹਾ ਭਯੋ ਮਲ ਪੋਚ ਉਤਾਰੀ। ਤਾਂ ਕੋ ਮੂਲ ਦੇਹ ਨਹਿ ਡਾਰੀ ਹਠ ਕਰ ਕਰਮ ਕਰਤ ਜੋ ਐਸੇ। ਕਹੁ ਮੋਖ ਪਾਵਹਿ ਵਹੁ ਕੈਸੇ ਪੁਨ ਜੋ ਆਠ ਅੰਗ ਤੁਮ ਗਾਏ। ਸੋ ਭੀ ਤੁਮ ਨਹਿ ਨੀਕੇ ਪਾਏ ਯਮ ਅਰ ਨੇਮ ਦੋਇ ਹੈਂ ਜੋਈ। ਰਹੇ ਮਹਾਤਮ ਜਨ ਉਰ ਸੋਈ ਸਤੇ ਸਿੱਧ ਬਿਨ ਹਠ ਕੇ ਕੀਨੇ। ਸਮ ਦਮਾਦ ਕੋ ਨਿਜ ਸੰਗ ਲੀਨੇ ਹੁਰ ਤੀਸਰੇ ਆਸਨ ਜੋਈ। ਤੁਮ ਸਿੱਧਾਧਕ ਭਾਖੋ ਸੋਈ ਜਾਤੇ ਜੰਘਣ ਕੋ ਦੁਖ ਦੇ ਹੋ। ਬੈਠਨ ਮਾਂਹਿ ਕਸ਼ਟ ਅਤ ਪੈਹੋ ਸੋ ਮੋਰੇ ਮਨ ਮੈ ਨਹਿ ਭਾਵੈ। ਬੈਠ ਰਹੇ ਤਨ ਜਿਉਂ ਮਨ ਆਵੈ ਨਿਧਯਾਸਨ ਆਸਨ ਹੈ ਮੋਰੋ। ਅਕਾਲ ਪੁਰਖ ਬਿਨ ਔਰ ਨ ਹੇਰੋ ਪ੍ਰਾਨਾਯਾਮ ਰੀਤ ਜੋ ਤੋਰੀ। ਯਾ ਮਹਿ ਨਹਿ ਸੰਮਤੀ ਮੋਰੀ ਰਹੇ ਪ੍ਰਾਣ ਤਨ ਜਿਵੇਂ ਸੁਖਾਰੇ। ਸੋਈ ਰੀਤ ਸੁਖਦ ਹਮ ਪਯਾਰੇ ਕਾਹੇ ਕਸ਼ਟ ਤਾਂਹ ਕੋ ਦੈ

ਹੋ। ਜਾਤੇ ਨਹ ਰੰਚਕ ਸੁਖ ਪੈ ਹੋ ਪੂਰਕ ਕੁੰਭਕ ਰੇਚਕ ਜੋਈ। ਔਰ ਪ੍ਰਕਾਰ ਜਾਨੀਓ ਸੋਈ ਪੂਰਕ ਪੂਰਨ ਸਕਲ ਅਕਾਲ। ਕੰਭਕ ਨਿਸਚੇ ਕਰ ਤਹ ਭਾਲਾ ਆਨ ਬ੍ਰਿੱਤ ਉਪਜਤ ਹੈ ਜੇਤੀ। ਤਯਾਗਨ ਕਰੀਏ ਰੇਚਕ ਤੇਤੀ ਯਹੀ ਪ੍ਰਾਣਾਯਾਮ ਹਮਾਰ। ਯਾ ਬਿਨ ਔਰ ਸਕਲ ਮਰ ਹਾਰੇ ਪ੍ਰਿਤਯਾਹਾਰ ਅੰਨ ਨਹਿ ਖਾਨਾ। ਕਰਤ ਜੋਗ ਯਹ ਮਹਾਂ ਅਜਾਨਾ ਖਾਇ ਅੰਨ ਖੁਧਿਆ ਅਨੁਸਾਰੇ। ਭੁਖ ਰਹਨ ਮਹਿ ਕਿਆ ਸਿਧ ਪਯਾਰੇ ਸੰਕਲੱਪ ਬਿਕਲਪ ਬ੍ਰਿੱਤ ਘਟ ਜਾਵੈ। ਪ੍ਰਿਤਯਾਹਾਰ ਯਹੀ ਕਹਿਲਾਵੈ ਰਹੇ ਧਾਰਨਾ ਹਿਰਦੇ ਏਕਾ। ਦੂਸਰ ਕੀ ਮਨ ਤੇ ਤਜ ਟੇਕਾ ਔਰ ਧਯਾਨ ਮਨ ਮਹਿ ਨਹਿ ਕੀਜੈ। ਏਕ੍ ਅਕਾਲ ਧਯਾਨ ਉਰ ਦੀਜੈ ਤੁਮ ਸਮਾਧ ਜੜ ਸਮ ਹੋ ਭਾਖੋ। ਪ੍ਰਾਣ ਸਥੰਭ ਸੀਸ ਮਹਿ ਰਾਖੋ ਦ੍ਰਿੜ ਸਮਾਧ ਹਮਨੇ ਯਹ ਪਾਈ। ਪਰਮਾਤਮ ਮੈ ਵਿਰਤ ਠਰ੍ਹਾਈ ਨਿਰ ਵਿਕਲਪ ਹੋਕਰ ਜਗ ਮਾਂਹੀ। ਰਹੇ ਸਦਾ ਸੰਸਾ ਕੁਛ ਨਾਂਹੀ ਯਹੀ ਜੋਗ ਮੇਰੋ ਹੈ ਭਾਈ। ਹਠ ਸੋ ਜੋਗ ਨ ਹੋਤ ਸੁਦਾਈ ਜਬ ਐਸੇ ਗੁਰਬਚਨ ਪੁਕਾਰੇ। ਭਏ ਅਚੰਭਾ ਜੋਗੀ ਸਾਰੇ ਲਗੇ ਕਹਿਨ ਮਿਲ ਆਪਸ ਮਾਂਹੀ। ਅਹੋ ਸਮਾਨ ਪੁਰਖ ਯਹ ਨਾਂਹੀ ਹੈ ਯਹ ਕੋਈ ਪਰਮ ਗਿਆਨੀ। ਜਾਤੇ ਬੋਲਤ ਅੱਧਭੁਤ ਬਾਨੀ ਬਹੁਰ ਸਿੱਧ ਜਨ ਐਸੇ ਗਾਯੋ। ਕਰੈ ਗਯਾਨ ਤੂੰ ਸੁਨੋ ਸੁਨਾਯੋ ਸੋ ਤੋ ਮੁਖ ਗਯਾਨੀ ਕੇ ਲੱਖਨ। ਤੁਮਰੇ ਮੈ ਹਮ ਪਿਖੇ ਬਿਚੱਛਨ ਜਬ ਲਗ ਜੋਗ ਪੰਥ ਨਹਿ ਗਹਹੋ। ਤਬ ਲਗ ਮੁਕਤ ਦੁਆਰ ਨਹਿ ਲਹਹੋ ਗੱਲੀਂ ਗਯਾਨ ਨ ਕਬਹੂੰ ਹੋਈ। ਜੋਗ ਬਿਨਾਂ ਨਹਿ ਮੁਕਤਾ ਕੋਈ ਜਬ ਲੌ ਤਜ ਕਰ ਜਗ ਕੇ ਝੇੜੇ। ਪੱਖ ਬਾਦ ਕੇ ਸਗਲ ਬਖੇੜੇ ਖਿਥਾ ਪਹਿਰ ਡੰਡ ਕਚ ਧਾਰੇ। ਲਾਇ ਵਿਭੂਤ ਕਾਨ ਕੋ ਫਾਰੇ ਅਨਹਦ ਸਿੰਙੀ ਜਬੀ ਬਜਾਵੈ। ਮਾਰਗ ਯੋਗ ਤਬੀ ਨਰ ਪਾਵੈ ਲਾਇ ਸਮਾਧ ਬ੍ਰਹਮ ਮਹਿ ਲੀਨਾ ਪੁਨਰ ਜਨ ਮਤਹ ਹੋਇ ਕਬੀਨਾ ਜਬ ਯੋਗੀ ਅਸ ਭਾਂਤ ਉਚਾਰਾ। ਸੁਨ ਬੋਲੇ ਨਾਨਕ ਅਵਤਾਰਾ ਸੁਨੀਏ ਨਾਥ ਗਾਥ ਹਰ ਕੇਰੀ। ਨਹੀਂ ਜੋਗ ਗਤ ਜੋ ਤੁਮ ਟੇਰੀ ਬਾਹਰ ਚਿੰਨ ਜੋਗ ਨਹਿ ਕਹੀਏ। ਪਰਮਾਤਮ ਸੋ ਜੌਨ ਮਿਲਈਏ ਅਸ ਕਰਨੀਕਰ ਜੋਗ ਨ ਹੋਈ। ਤਨ ਮਾਰੇ ਮਨ ਮਰੇ ਨ ਕੋਈ

ਯਾ ਪਰ ਸਬਦ ਕਥਾ ਗੁਰ ਐਸਾ। ਤਾਂ ਪ੍ਰਤ ਉਤਰ ਚਹੀਯਤ ਜੈਸਾ॥

ਜੋਗੁ ਨਾ ਖਿੰਥਾ ਜੋਗੁ ਨ ਡੰਡੇ ਜੋਗੁ ਨ ਭਸਮ ਚੜਾਈਐ॥ ਜੋਗੁ ਨ ਮੁੰਦੀ ਮੂੰਡਿ ਮੁਡਾਈਐ ਜੋਗੁ ਨ ਸਿੰਙੀ ਵਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥੧॥ ਗਲੀਂ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰ ਸਮਸਰਿ ਜਾਣੈ ਜੋਗੀ ਕਹੀਐ ਸੋਈ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥ ਜੋਗੁ ਨ ਦੇਸ ਦਿਸੰਤਰਿ ਭਵਿਐ ਜੋਗੁ ਨ ਤੀਰਥ ਨਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥ ਸਤਿਗੁਰੁ ਭੇਟੇਂ ਤਾ ਸਹਸਾ ਚੂਕੈ ਧਾਵਤ ਵਰਜਿ ਰਹਾਈਐ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰਿ ਹੀ ਪਰਚਾ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥ ਨਾਨਕ ਜੀਵਤਿਆ ਮਰ ਰਹੀਐ ਐਸਾ ਜੋਗੁ ਕਮਾਈਐ॥ ਵਾਜੇ ਬਾਜਹੁ ਸਿੰਙੀ ਵਾਜੈ ਤਉ ਨਿਰਭਉ ਪਦ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥

ਚੌਪਈ

ਯਾਹ ਸਬਦ ਮੁਹਿ ਗੁਰ ਅਵਤਾਰੀ। ਯੋਗਨ ਕੋ ਇਹ ਸੀਖ ਉਚਾਰੀ ਬਾਹਰ ਚਿੰਨ ਜੋਗ ਨਹਿ ਸਾਚੋ। ਅੰਤਰ ਵਿਰਤ ਆਪ ਮਹਿ ਰਾਚੋ ਬਹੁ ਜੀਰਨ ਪਟਬੀਨ ਲਿਆਯੋ। ਸੀਵ ਏਕ ਖਿੰਥਾ ਗੁਰ ਪਾਯੋ ਤਾਕੇ ਤਨ ਪਰ ਓਢਨ ਸੇਤੀ। ਨਹੀਂ ਜੋਗ ਵਿਧ ਹੋਵਤ ਤੇਤੀ ਜਾਕੇ ਖਿੰਥਾ ਜੜ ਪਟ ਹਈਏ। ਚੇਤਨ ਬ੍ਰਹਮ ਤਾਤੇ ਕਿਵ ਪਈਏ ਡੰਡਾ ਹਾਥ ਧਰੇ ਨਹਿ ਜੋਗੀ। ਪਰਮਾਤਮ ਮੈ ਬ੍ਰਿੱਤ ਸੰਜੋਗੀ ਕਹਾਂ ਭਸਮ ਧਰ ਨਰ ਸਿਧ ਪਾਵੈ। ਹਸਤੀ ਖਾਕ ਸੁੰਡ ਪਰ ਛਾਵੈ। ਕਾਨ ਪਾੜ ਮੁੰਦ੍ਰ ਪਹਰਾਏ। ਕਹੋ ਨਿਰੰਜਨ ਕਾਨੇ ਪਾਏ ਜੇਕਰ ਮੁਕਤ ਯਾਹ ਤੇ ਹੋਈ। ਨਾਰ ਅਮੁਕਤ

ਨ ਜਾਵੈ ਕੋਈ ਜਾਕੇ ਕਾਨ ਰਹਿਤ ਸਦ ਬੇਢੂ। ਮੁੰਦਰ ਸਮ ਪਹਿਰਾਵਤ ਢੂੰਡੂ ਕਹਾਂ ਮੂੰਡ ਮੂੰਡੇ ਸਿਧ ਆਵੈ। ਭੇਡਨ ਮੂੰਡਨ ਤੇ ਹਰ ਪਾਵੈ ਸਿੰਙੀ ਮੁਖੋਂ ਬਜਾਇ ਨ ਜੋਗਾ। ਨਹੀਂ ਧਰਮ ਯਾ ਤੇ ਕੁਛ ਹੋਗਾ ਯਹ ਤੋ ਸਕਲ ਬਾਹਰ ਮੁਖ ਕਾਮਾ। ਨਹਿ ਪੀਯਤ ਇਨ ਤੇ ਸੁਖਧਾਮਾ ਛੋਡ ਸੰਸਾਰ ਕਹੋ ਕਤ ਜਾਈ। ਪੰਚ ਭੂਤ ਜਹਿ ਤਹਿ ਰਹੇ ਛਾਈ ਤਾਂ ਤੇ ਸਾਚੋ ਜੋਗ ਸੁਨੀਜੈ। ਤਾਂਹੀ ਮਹਿ ਮਨ ਕੋ ਥਿਰ ਕੀਜੈ ਅੰਜਨ ਮਾਂਹਿ ਨਿਰੰਜਨ ਰਹੀਏ। ਸਾਚੋ ਜੋਗ ਯਹ ਬਿਧ ਪਈਏ ਨਹੀਂ ਜੋਗ ਬਾਤਨ ਸੋ ਹੋਵੈ। ਰਿਦੈ ਗ੍ਰੰਥ ਕੋ ਨਾਹੀਂ ਖੋਵੈ ਸਭ ਮਹਿ ਬਯਾਪਕ ਬ੍ਰਹਮ ਨਿਹਾਰੇ ਗਯਾਨ ਦ੍ਰਿਸਟ ਸਮਸਟ ਮਨ ਧਾਰੇ ਨਿਰਾ ਵਰਣ ਚੇਤਨ ਮਹਿ ਲੀਨਾ। ਸਾਚੋਂ ਜੋਗੀ ਸੋ ਭਵ ਚੀਨਾ ਮੜੀ ਮਸਾਣੀ ਮਾਟਨ ਮਾਂਹੀ। ਨਗਰ ਤਯਾਗ ਰਹਿਨ ਭਲ ਨਾਂਹੀ ਜੋ ਯਾਤੇ ਕੋਊ ਸਿਧ ਪਾਵੈ। ਗੀਦੜ ਸੁਕਤ ਸਗਲ ਹੁਇ ਜਾਵੈ ਪੁਨਾ ਸੰਕੋਚ ਇੰਦਰੀ ਸਾਰੀ। ਹੋਇ ਜੋਗ ਬੈਠੇ ਲਾ ਤਾਰੀ ਤੇ ਬੜਾਲ ਬਕ ਕੱਛਪ ਆਦੂ। ਲਹੇ ਜੋਗ ਨਹਿ ਕੋਇ ਬਿਵਾਦੂ ਦੇਸ ਦਿਸੰਤਰ ਭਰਮਨ ਕੀਨੇ। ਕਹੋ ਜੋਗ ਮਾਰਗ ਕਿਨ ਚੀਨੇ ਕੋਕਲ ਕੂੰਜ ਬਿਹੰਗ ਵਿਚਾਰੇ। ਛੋਡ ਦੇਸ ਪਰਦੇਸ ਸਿਧਾਰੇ ਨਹੀਂ ਜੋਗ ਮਗ ਪਾਵਤ ਸੋਈ। ਤਜੇ ਦੇਸ ਤਬ ਜੋਗ ਨ ਹੋਈ ਅਠ ਸਠ ਤੀਰਥ ਮੱਜਨ ਕੀਨੇ। ਨਾਂਹ ਜੋਗ ਮਹਿ ਹੋਵਤ ਲੀਨੇ ਯਾਮੈ ਹੇਤ ਸੁਨੋ ਮਨ ਲਈ। ਨਿਖਲ ਸੰਦੇਹ ਤੋਹ ਮਿਟ ਜਾਈ ਤਨ ਪਟਕੀ ਮਲ ਨੀਰ ਉਤਾਰੇ। ਰਿਦੇ ਪਾਪ ਮਲ ਨਾਂਹਿ ਨਿਵਾਰੇ ਜੇ ਮੱਜਨ ਜਲ ਮੁਕਤ ਕਰੈ ਹੈ। ਮੇਡਕ ਮੀਨ ਮੋਖ ਕੋ ਪੈ ਹੈ ਤਾਂ ਤੇ ਤੀਰਥ ਜਲ ਨਹਿ ਭਾਈ। ਸਾਚੋ ਤੀਰਥ ਗਯਾਨ ਸੁਹਾਈ ਸਾਚੋ ਜੋਗ ਯਹੀ ਜਗ ਕਹੀਐ। ਅੰਜਨ ਮਾਹਿ ਨਿਰੰਜਨ ਰਹੀਐ ਸਦਾ ਸੱਤ ਜੋ ਏਕ ਸੁਆਮੀ। ਸਭ ਤੇ ਵਡੋ ਸੁ ਅੰਤਰਜਾਮੀ ਐਸੋ ਸਾਚੋ ਸਤਿਗੁਰ ਜੋਊ। ਏਕ ਅਕਾਲ ਬਿਨਾ ਨਹਿ ਕੋਊ ਤਾ ਕੋ ਦਰਸਨ ਜਬ ਨਰ ਪਾਵੈ। ਦ੍ਵਾਰ ਦ੍ਵਾਰ ਧਾਵਨ ਛੁਟਕਾਵੈ ਨਿਰਾ ਵਰਨ ਵਿਰਤੀ ਕੀ ਧਾਰਾ। ਝਰੈ ਰਿਦੈ ਜਿਮ ਨੀਰ ਪਹਾਰਾ

